## ਸਰਟੀਫਿਕੇਟ ਕੋਰਸ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼

---

### ਪੇਪਰ: ਗ੍ਰੰਥ ਅਤੇ ਧਰਮ ਗ੍ਰੰਥ

---

1. **ਧਰਮ ਦੇ ਪੰਜ ਮੂਲ ਤੱਤ, (**Five Fundamental elements of independent identity)
2. **ਮੌਖਿਕ ਅਤੇ ਲਿਖਤ ਪਰੰਪਰਾ: ਗ੍ਰੰਥ ਅਤੇ ਧਰਮ ਗ੍ਰੰਥ ਦੇ ਸੰਦਰਭ ਵਿਚ(**Oral and Written Tradition, Scripture and Holy Scripture)

---

**Structure**

1.1 ਧਰਮ ਦੇ ਪੰਜ ਮੂਲ ਤੱਤ

1.2 ਧਰਮ ਗ੍ਰੰਥ

1.3 ਯਹੂਦੀ ਧਰਮ

1.4 ਇਸਾਈ ਧਰਮ

1.5 ਇਸਲਾਮ ਧਰਮ

1.6 ਹਿੰਦੂ ਧਰਮ

1.7 ਸਿੱਖ ਧਰਮ

1.8 ਸਾਰ

### 1.1 ਧਰਮ ਦੇ ਪੰਜ ਮੂਲ ਤੱਤ

ਧਰਮਾਂ ਦੇ ਇਤਿਹਾਸਕ ਪ੍ਰਸੰਗ ਵਿਚ ਕਿਸੇ ਵੀ ਧਰਮ ਦੀ ਵੱਖਰੀ ਹੋਂਦ ਹਸਤੀ ਲਈ ਪੰਜ ਮੂਲ ਤੱਤਾਂ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਜੇ ਕਿਸੇ ਕਬੀਲੇ ਜਾਂ ਭਾਈਚਾਰੇ ਵਿਚ ਇਹ ਪੰਜ ਤੱਤ ਮੂਲ ਰੂਪ ਵਿਚ ਹੀ ਨਿਹਿਤ ਹਨ ਤਾਂ ਉਸ ਦੀ ਨਿਆਰੀ ਵੱਖਰੀ ਹੋਂਦ ਦਾ ਕਿੰਤੂ ਮੁਕਤ ਪ੍ਰਸੰਗ ਸਥਾਪਤ ਹੋ ਜਾਂਦਾ ਹੈ। ਪਰ ਜੇਕਰ ਇਹ ਤੱਤ ਉਨਾਂ ਦੇ ਇਤਿਹਾਸਕ ਵਿਧੀ-ਵਿਧਾਨ ਵਿਚੋਂ ਗੁੰਮ ਹੋਣ ਤਾਂ ਫਿਰ ਉਸਨੂੰ ਇਕ ਸੁਧਾਰਕ ਲਹਿਰ ਦੇ ਤੌਰ ਤੇ ਹੀ ਤਸਲੀਮ ਕੀਤਾ ਜਾਂਦਾ ਹੈ, ਤੇ ਕਿਸੇ ਵੀ ਹਾਲਤ ਵਿਚ ਉਨ੍ਹਾਂ ਨੂੰ ਵੱਖਰੀ ਕੌਮੀਅਤ ਦੇ ਪ੍ਰਸੰਗ ਵਜੋਂ ਵਿਚਾਰਿਆ ਹੀ ਨਹੀਂ ਜਾ ਸਕਦਾ। ਇਹ ਤੱਤ ਹਨ:

1. ਪੈਗੰਬਰ
2. ਲਿਪੀ
3. ਸਭਿਆਚਾਰ
4. ਧਰਮ ਗ੍ਰੰਥ
5. ਸਰੂਪ

ਇਹਨਾਂ ਪੰਜ ਤੱਤਾਂ ਦੇ ਆਧਾਰ ਤੇ ਜਦੋਂ ਅਸੀ ਦੁਨੀਆਂ ਦੇ ਅੱਠ ਵੱਡੇ ਧਰਮਾਂ (ਪਾਰਸੀ,ਯਹੂਦੀ, ਈਸਾਈ, ਇਸਲਾਮ, ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ) ਨੂੰ ਦੇਖਦੇ ਹਾਂ ਤਾਂ ਇਹ ਸਾਰੇ ਤੱਤ ਇਨ੍ਹਾਂ ਧਰਮਾਂ ਵਿੱਚ ਮੌਜੂਦ ਹਨ। ਸਾਰੇ ਧਰਮਾਂ ਦੇ ਕੋਲ ਆਪਣਾ ਇਕ ਵੱਖਰਾ ਪੈਗੰਬਰ, ਧਰਮ-ਗ੍ਰੰਥ, ਵੱਖਰੀ ਲਿਪੀ, ਵੱਖਰਾ ਸੱਭਿਆਚਾਰ ਤੇ ਵੱਖਰਾ ਸਰੂਪ ਹੈ। ਉਦਾਹਰਣ ਦੇ ਤੌਰ ਤੇ ਸਿੱਖ ਧਰਮ ਦੇ ਵਿੱਚ ਜਦੋਂ ਅਸੀ ਇਹ ਪੰਜੇ ਤੱਤ ਦੇਖਦੇ ਹਾਂ ਤਾਂ ਸਿੱਖ ਧਰਮ ਦੇ ਇਤਿਹਾਸਕ ਪ੍ਰਸੰਗ ਵਿੱਚ ਇਹ ਪੰਜੇ ਤੱਤ ਮੌਜੂਦ ਹਨ। ਸਿੱਖ ਧਰਮ ਦੀ ਆਪਣੀ ਪੈਗੰਬਰ ਅਜ਼ਮਤ (ਗੁਰੂ ਸਾਹਿਬਾਨ) ਹਨ। ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਹਨ ਅਤੇ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਨੌਂ ਹੋਰ ਉਤਰਾਧਿਕਾਰੀ, ਆਪਣੀ ਵੱਖਰੀ ਲਿਪੀ ਜੋ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁੱਖੀ ਲਿਪੀ ਚਲਾਈ ਗਈ, ਸਿੱਖ ਸਿਧਾਂਤ ਤੇ ਆਧਾਰਿਤ ਆਪਣਾ ਨਿਰਾਲਾ ਸਿੱਖ ਸੱਭਿਆਚਾਰ ਹੈ, ਵੱਖਰੀ ਹੋਂਦ ਹਸਤੀ ਦੇ ਸਦੈਵ ਪ੍ਰਸੰਗ ਲਈ ਆਪਣਾ

ਇਕ ਪਵਿੱਤਰ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਇਸੇ ਪਵਿੱਤਰ ਧਰਮ ਗ੍ਰੰਥ ਦੇ ਸਿਧਾਂਤਾਂ ਤੇ ਆਧਾਰਿਤ ਪੰਜ ਕਕਾਰੀ ਖਾਲਸੇ ਦਾ 1699 ਈ: ਨੂੰ ਆਨੰਦਪੁਰ ਸਾਹਿਬ ਦੀ ਧਰਤੀ ਤੇ ਨਿਰਧਾਰਤ ਕੀਤਾ ਨਿਆਰਾ ਸਰੂਪ।

ਹੁਣ ਇਥੇ ਵਿਚਾਰਨਯੋਗ ਗੱਲ ਇਹ ਹੈ ਕਿ ਅੱਜ ਦੇ ਸਮੇਂ ਦੌਰਾਨ ਜਦੋਂ ਕਿਸੇ ਵੀ ਧਰਮ ਦੀ ਗੱਲ ਚੱਲੇਗੀ ਤਾਂ ਉਹ ਵਿਚਾਰ ਚਰਚਾ ਉਸਦੇ ਧਰਮ ਦੇ ਪਵਿੱਤਰ ਧਰਮ-ਗ੍ਰੰਥ ਉੱਪਰ ਆਧਾਰਿਤ ਹੋਵੇਗੀ। ਧਰਮ ਗ੍ਰੰਥ ਦੇ ਜਦੋਂ ਅਸੀ ਅਕਾਦਮਿਕ ਵਿਸ਼ਲੇਸ਼ਣ ਵੱਲ ਜਾਂਦੇ ਹਾਂ ਤਾਂ ਸਾਡੇ ਸਾਹਮਣੇ ਦੋ ਪ੍ਰੰਪਰਾਵਾ ਪੇਸ਼ ਆਉਂਦੀਆਂ ਹਨ। ਮੌਖਿਕ ਅਤੇ ਲਿਖਤ ਪ੍ਰੰਪਰਾ। ਦੂਜੇ ਪਾਸੇ ਧਰਮ ਨੂੰ ਅਧਾਰ–ਸਮੱਗਰੀ ਬਣਾ ਕੇ ਰਚੇ ਗਏ ਸਾਹਿਤ ਦੇ ਦੋ ਮਹੱਤਵਪੂਰਨ ਰੂਪ ਸਾਡੇ ਸਾਹਮਣੇ ਹਨ। ਜਿਨ੍ਹਾਂ ਵਿਚੋਂ ਇਕ ਨੂੰ ਧਰਮ ਗ੍ਰੰਥ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਦੂਸਰਿਆਂ ਨੂੰ ਗ੍ਰੰਥ ਦਾਂ। ਇਥੇ ਇਕ ਬਹੁਤ ਹੀ ਮਹੱਤਵਪੂਰਨ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਧਰਮ ਗ੍ਰੰਥ ਨੂੰ ਧਰਮਗ੍ਰੰਥ ਦਾ ਨਾਂ ਹੀ ਦਿੱਤਾ ਜਾ ਸਕਦਾ ਅਤੇ ਗ੍ਰੰਥ ਨੂੰ ਧਰਮ ਗ੍ਰੰਥ ਵੀ ਨਹੀਂ ਕਿਹਾ ਜਾ ਸਕਦਾ। ਇਸ ਦੇ ਨਾਲ ਹੀ ਇਕ ਹੋਰ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਕਿਸੇ ਵੀ ਧਰਮ ਜਾਂ ਧਰਮ ਦੁਆਰਾ ਸਿਰਜਤ ਕੌਮੀਅਤ ਦਾ ਧਰਮ ਗ੍ਰੰਥ ਕੇਵਲ ਤੇ ਕੇਵਲ ਇਕ ਹੋਵੇਗਾ ਪਰ ਉਸ ਧਾਰਮਿਕ ਕੌਮੀਅਤ ਦੇ ਗ੍ਰੰਥ ਅਨੇਕਾਂ ਹੋ ਸਕਦੇ ਹਨ। ਧਰਮ ਗ੍ਰੰਥ ਪਰਮਾਤਮ ਬੋਲ ਹੁੰਦੇ ਹਨ ਅਤੇ ਇਸ ਦਾ ਕੋਈ ਕਰਤਾ ਨਹੀਂ ਹੁੰਦਾ ਬਲਕਿ ਇਹ ਸੰਪਾਦਤ ਕੀਤਾ ਜਾਂਦਾ ਹੈ (ਪੁਸ਼ਟੀ ਹਿਤ ਅੱਗੇ ਵਿਸਥਾਰਪੂਰਵਕ ਵਰਣਨ ਵੀ ਕੀਤਾ ਜਾ ਰਿਹਾ ਹੈ)। ਪਰ ਹਰ ਗ੍ਰੰਥ ਦਾ ਇਕ ਕਰਤਾ ਜ਼ਰੂਰੀ ਹੈ। ਇਹ ਕਰਤਾ ਜਾਂ ਰਚਨਾਕਾਰ ਆਪਣੀ ਬੁੱਧੀ ਦੇ ਬਲਬੂਤੇ ਧਰਮ ਗ੍ਰੰਥ ਦਾ ਅਧਿਐਨ ਕਰਦਾ ਹੈ ਅਤੇ ਆਪਣੀ ਸਮਰੱਥਾ ਅਨੁਸਾਰ ਧਰਮ ਗ੍ਰੰਥ ਵਿਚਲੇ ਗੁਹਜ ਦਾ ਅਧਿਐਨ ਕਰਦਾ ਹੋਇਆ ਉਸ ਵਿਚੋਂ ਇਕ ਗ੍ਰੰਥ ਦੀ ਰਚਨਾ ਕਰ ਲੈਂਦਾ ਹੈ। ਇਸ ਕਰਕੇ ਕਿਹਾ ਜਾਂਦਾ ਹੈ ਕਿ ਧਰਮ ਗ੍ਰੰਥ ਸਦੈਵ ਸਮਿਆਂ ਲਈ ਕਿੰਤੂ– ਮੁਕਤ ਹੈ, ਪਰ ਗ੍ਰੰਥ ਕਿੰਤੂ–ਜੁਗਤਿ ਹੁੰਦਾ ਹੈ।

ਉਪਰੋਕਤ ਦੀ ਪੁਸ਼ਟੀ ਹਿਤ ਟੀ.ਐਸ. ਈਲੀਅਟ ਦੀਆਂ ਸਤਰਾਂ ਵੇਖਣਯੋਗ ਹਨ। ਉਹ ਲਿਖਦਾ ਹੈ ਕਿ ਹਰ ਧਰਮ ਵਿਚ ਸਾਹਿਤ ਦੀਆਂ ਦੋ ਮਹੱਤਵਪੂਰਨ ਵੰਨਗੀਆਂ ਹੁੰਦੀਆਂ ਹਨ:

(1) ਧਾਰਮਿਕ ਸਾਹਿਤ (ਇਲਹਾਮ)

(2) ਸ਼ਰਧਾ ਭਗਤੀ ਅਤੇ ਪ੍ਰਚਾਰ ਸਾਹਿਤ

ਇਨ੍ਹਾਂ ਵਿਚੋਂ ਪਹਿਲੀ ਵੰਨਗੀ ਤੇ ਅੰਤਰਗਤ ਉਹ ਸਾਹਿਤ ਰਚਨਾਵਾਂ ਸੰਮਿਲਿਤ ਹਨ ਜਿਨ੍ਹਾਂ ਨੂੰ ਰੱਬੀ ਬੋਲ, ਦੈਵੀ ਬਾਣੀ ਜਾਂ ਇਲਹਾਮ ਦਾ ਦਰਜਾ ਹਾਸਲ ਹੈ। ਅਜਿਹੀਆਂ ਰਚਨਾਵਾਂ ਦਰਅਸਲ ਸਾਹਿਤ ਦਾ ਅੰਗ ਨਾ ਹੋ ਕੇ ਧਰਮ ਦਾ ਅੰਗ ਹੁੰਦੀਆਂ ਹਨ ਤੇ ਇਨ੍ਹਾਂ ਦੀ ਪਛਾਣ ਧਰਮ ਗ੍ਰੰਥਾਂ ਵਜੋਂ ਹੀ ਹੁੰਦੀ ਹੈ। ਇਹ ਰਚਨਾਵਾਂ ਸਾਹਿਤਿਕ ਹਨ ਜਾਂ ਨਹੀਂ, ਇਸ ਨਾਲੋਂ ਵਧੇਰੇ ਮਹੱਤਵ ਇਸ ਗੱਲ ਦਾ ਹੈ ਕਿ ਇਨ੍ਹਾਂ ਦਾ ਇਕ ਇਕ ਸ਼ਬਦ ਮਹਾਨ ਤੇ ਪਾਵਨ ਸਮਝਿਆ ਜਾਂਦਾ ਹੈ ਅਤੇ ਇਨ੍ਹਾਂ ਵਿਚ ਅਭਿਵਿਅਕਤ ਸੰਦੇਸ਼ ਧੁਰੋਂ, ਅਰਥਾਤ ਪਰਮ ਸੱਤਾ ਤੋਂ ਪ੍ਰਾਪਤ ਹੋਇਆ ਮੰਨਿਆ ਜਾਂਦਾ ਹੈ, ਇਸ ਨੂੰ ਜਾਮੇ ਵਿਚ ਆਏ ਪੈਗ਼ੰਬਰਾਂ, ਗੁਰੂ ਸਾਹਿਬਾਨ, ਧਰਮ ਬਾਨੀਆਂ ਨੇ ਉਸ ਸੱਤਾ ਨਾਲ ਆਪਣੀ ਇਕਰੂਪਤਾ ਸਦਕਾ ਪ੍ਰਾਪਤ ਕੀਤਾ ਹੁੰਦਾ ਹੈ ਅਤੇ ਉਸਦੇ ਦੂਤ ਬਣਕੇ ਉਹ ਇਸ ਸੰਦੇਸ਼ ਨੂੰ ਮਨੁੱਖਤਾ ਦੇ ਕਲਿਆਣ ਲਈ ਪ੍ਰਸਾਰਿਤ ਕਰਦੇ ਹਨ।

ਇਕ ਪੱਛਮੀ ਵਿਦਵਾਨ ਐਨ. ਆਰ. ਫਰਾਇ ਦਾ ਕਥਨ ਹੈ ਕਿ "ਇਹ ਪ੍ਰਕਾਸ਼ਿਤ ਬਾਣੀ (revealed scripture) ਹੈ, ਜਿਸ ਵਿਚ ਕਰਤਾ ਦੀ ਭੂਮਿਕਾ ਕੇਵਲ ਪ੍ਰਕਾਸ਼ਕ ਵਜੋਂ ਹੀ ਸਵੀਕਾਰ ਕੀਤੀ ਜਾਂਦੀ ਹੈ। ਇਸ ਪ੍ਰਕਾਰ ਅਜਿਹਾ ਸਾਹਿਤ ਕੇਵਲ ਪ੍ਰਗਟਾਵਾ ਹੀ ਨਹੀਂ, ਪ੍ਰਕਾਸ਼ ਵੀ ਹੈ" ਅਤੇ ਇਸ ਦਾ ਇਹੋ ਚਰਿੱਤਰ ਇਸ ਨੂੰ ਹੋਰ ਵੰਨਗੀਆਂ ਦੇ ਸਾਹਿਤ ਨਾਲੋਂ ਬਿਲਕੁਲ ਵੱਖ ਕਰਦੇ ਰੱਖ ਦਿੰਦਾ ਹੈ। ਪਵਿੱਤਰ ਵੇਦ, ਪਵਿੱਤਰ ਬਾਈਬਲ, ਪਵਿੱਤਰ ਕੁਰਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਇਸੇ ਵੰਨਗੀ ਦੀਆਂ ਰਚਨਾਵਾਂ ਹਨ। ਉਪਰੋਕਤ ਤੋਂ ਸਪੱਸ਼ਟ ਹੈ ਕਿ ਧਰਮ ਗ੍ਰੰਥ ਰੱਬ ਦਾ ਪ੍ਰਕਾਸ਼ ਹੈ ਜਦਕਿ ਗ੍ਰੰਥ ਮਨੁੱਖ ਦੀ ਕਿਰਤ ਹੈ। ਜਿਸ ਤਰ੍ਹਾਂ ਮਨੁੱਖ ਪੂਰਨ ਨਹੀਂ ਹੈ, ਉਸੇ ਤਰ੍ਹਾਂ ਹੀ ਉਸਦੀ ਕਿਰਤ ਵੀ ਪੂਰਨਤਾ ਦਾ ਰੁਤਬਾ ਗ੍ਰਹਿਣ ਨਹੀਂ ਕਰ ਸਕਦੀ।

## 1.2ਧਰਮ ਗ੍ਰੰਥ

ਧਰਮ ਗ੍ਰੰਥ, ਧਰਮ ਜਾਂ ਕੌਮੀਅਤ ਦੀ ਵਿਰਾਸਤ ਦਾ ਫ਼ਖ਼ਰ ਹੁੰਦੇ ਹਨ ਅਤੇ ਕਿਸੇ ਵੀ ਧਰਮ ਦੀ ਵੱਖਰੀ ਹੋਂਦ ਦਾ ਕੇਂਦਰੀ ਧਰਾਤਲ ਵੀ। ਧਰਮ ਗ੍ਰੰਥ ਦੇ ਬਿਨਾਂ ਧਰਮ ਦੀ ਹੋਂਦ ਸੰਭਵ ਤਾਂ ਕੀ, ਕਿਆਸ ਵੀ ਨਹੀਂ ਕੀਤੀ ਜਾ ਸਕਦੀ। ਧਰਮ ਬਾਨੀਆਂ ਦੀ ਸੰਸਾਰ ਵਿੱਚ ਆਮਦ ਨਾਲ ਕਿਸੇ ਨਵੇਂ ਸੱਚ ਦਾ ਪ੍ਰਗਟਾ ਹੁੰਦਾ ਹੈ ਜਿਸ ਨੂੰ 'ਧਰਮ' ਦਾ ਨਾਮ ਦਿੱਤਾ ਜਾਂਦਾ ਹੈ।

ਧਰਮ ਅਕਾਲ ਪੁਰਖ ਦੇ ਘਰ ਦਾ ਮਾਰਗ ਦਰਸ਼ਨ ਕਰਦਾ ਹੈ। ਧਰਮ ਬਾਨੀ ਰੱਬੀ ਬਾਣੀ ਨੂੰ ਸੰਸਾਰ ਵਿੱਚ ਸਥਾਪਤ ਕਰ ਕੇ ਕਿਸੇ ਵੱਡੇ ਗੁਹਜ ਤੋਂ ਪਰਦਾ ਉਠਾਉਂਦੇ ਹਨ। ਉਹ ਕੁਲ ਕਾਇਨਾਤ ਨੂੰ ਰੱਬੀ ਨੂਰ ਬਣਾਉਣ ਦਾ

ਸਿਧਾਂਤਕ ਪ੍ਰਸੰਗ ਵੀ ਸਾਹਮਣੇ ਲਿਆਉਂਦੇ ਹਨ ਤੇ ਉਸ ਦਾ ਅਮਲੀ ਪ੍ਰਤੀਪਾਦਨ ਵੀ ਕਰਦੇ ਹਨ। ਜਦੋਂ ਧਰਮ ਬਾਨੀ ਆਪਣੇ ਦੈਵੀ ਪ੍ਰਕਾਸ਼ ਨਾਲ ਸਮੁੱਚੀ ਕਾਇਨਾਤ ਨੂੰ ਸਰਸ਼ਾਰ ਕਰ ਇਸ ਦੁਨੀਆਂ ਤੋਂ ਅਗੰਮੀ ਸੰਸਾਰ ਵੱਲ ਚਾਲੇ ਪਾ ਦਿੰਦੇ ਹਨ ਤਾਂ ਉਨ੍ਹਾਂ ਦੇ ਇਸ ਸੰਸਾਰ ਤੋਂ ਤੁਰ ਜਾਣ ਪਿੱਛੋਂ ਉਨ੍ਹਾਂ ਦੇ ਪੈਰੋਕਾਰਾਂ ਨੂੰ ਸੱਚ ਦੇ ਰਾਹ ਨਾਲ ਜੋੜੇ ਰੱਖਣ ਅਤੇ ਇਸ ਸੰਸਾਰ ਨੂੰ ਸੱਚਖੰਡ ਜਾਂ ਬੇਗਮਪੁਰੇ ਦੇ ਰੂਪ ਵਿੱਚ ਸਥਾਪਿਤ ਕਰਨ ਹਿਤ ਉਹ ਰੱਬੀ ਬਾਣੀ ਜੋ ਧਰਮ ਗ੍ਰੰਥ ਰੂਪ ਵਿਚ ਪ੍ਰਕਾਸ਼ਤ ਹੋ ਚੁੱਕੀ ਹੁੰਦੀ ਹੈ, ਰਸਤਾ ਨਿਰਧਾਰਿਤ ਕਰਦੀ ਹੈ। ਇਸਦੇ ਨਾਲ ਹੀ ਉਹ ਧਰਮ ਨੂੰ ਹਮੇਸ਼ਾ–ਹਮੇਸ਼ਾ ਲਈ ਸਦੀਵਤਾ ਵੀ ਪ੍ਰਦਾਨ ਕਰ ਦਿੰਦੀ ਹੈ।

ਸੰਸਾਰ ਦੇ ਧਰਮਾਂ ਦੇ ਇਤਿਹਾਸ ਵੱਲ ਨਿਗਾਹ ਮਾਰਿਆਂ ਉਕਤ ਸੱਚ ਦੇ ਦੀਦਾਰੇ ਆਪ ਮੁਹਾਰੇ ਸਾਡੇ ਸਾਹਮਣੇ ਰੂਪਮਾਨ ਹੋ ਜਾਂਦੇ ਹਨ ਕਿ ਬਹੁਤ ਸਾਰੇ ਧਰਮਾਂ ਦੇ ਹਜ਼ਾਰਾਂ ਸਾਲ ਪੁਰਾਣੇ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਧਰਮ ਗ੍ਰੰਥਾਂ ਸਦਕਾ ਉਨ੍ਹਾਂ ਦੀ ਸਾਰਥਿਕਤਾ ਅੱਜ ਵੀ ਜਿਉਂ ਦੀ ਤਿਉਂ ਨਵੀਂ–ਨਰੋਈ ਹੈ ਅਤੇ ਦਿਖ ਸਦ–ਤਾਜ਼ਗੀ ਵਾਲੀ ਹੈ। ਇਨ੍ਹਾਂ ਧਰਮ ਗ੍ਰੰਥਾਂ ਕਰਕੇ ਹੀ ਹੈ ਕਿ ਹਜ਼ਾਰਾਂ ਸਾਲ ਪੁਰਾਣਾ ਹੋਣ ਦੇ ਬਾਵਜੂਦ ਯਹੂਦੀ ਧਰਮ ਆਪਣੇ ਨਾਮ ਨਾਲ ਸੰਸਾਰ ਵਿਚ ਨਾਮਣਾ ਖੱਟ ਰਿਹਾ ਹੈ। ਇਸਾਈ ਧਰਮ ਦੁਨੀਆਂ ਦੇ ਵੱਡੇ ਹਿੱਸੇ ਦੀ ਰੂਹ ਦੀ ਖੁਰਾਕ ਹੈ ਅਤੇ ਸਾਮੀ ਧਰਮ ਲੜੀ ਵਿੱਚ ਇਸਲਾਮ ਇਸ ਧਰਤੀ ਦਾ ਖ਼ੂਬਸੂਰਤ ਫੁੱਲ ਹੈ, ਜਿਸਦੀ ਮਹਿਕ ਨਾਲ ਕਰੋੜਾਂ ਰੂਹਾਂ ਅੱਲਾਹ ਅਤੇ ਪਾਕ ਪੈਗ਼ੰਬਰੀ ਰੂਹ ਨੂੰ ਨਤਮਸਤਕ ਹੁੰਦੀਆਂ ਹਨ। ਪੂਰਬੀ ਧਰਮਾਂ ਵਿੱਚ ਵੇਦਾਂਤ ਧਰਮ ਦੇ ਅਨੁਯਾਈ ਵੀ ਆਪਣੇ ਧਰਮ ਗ੍ਰੰਥਾਂ ਸਦਕਾ ਹੀ ਇਸ ਧਰਮ ਨੂੰ ਅੰਗੀਕਾਰ ਕਰੀ ਬੈਠੇ ਹਨ। ਜੈਨ ਅਤੇ ਬੁੱਧ ਧਰਮ ਨੂੰ ਪ੍ਰਗਟਾ ਸਮੇਂ ਤੋਂ ਲੈ ਕੇ ਅੱਜ ਤੱਕ ਸਮਕਾਲੀਨ ਧਰਮ ਦੀ ਮਾਰ ਤੋਂ ਬਚਾਉਣ ਲਈ ਅਤੇ ਜਿਉਂ ਦਾ ਤਿਉਂ ਨਵਾਂ ਨਰੋਆ ਰੱਖਣ ਲਈ ਉਨ੍ਹਾਂ ਦੇ ਧਰਮ ਗ੍ਰੰਥ ਹੀ ਉਨ੍ਹਾਂ ਦਾ ਢਾਰਸ ਤੇ ਸਹਾਰਾ ਬਣਦੇ ਆ ਰਹੇ ਹਨ।

ਧਰਮਾਂ ਦੇ ਇਤਿਹਾਸਕ ਪ੍ਰਸੰਗ ਤੋਂ ਸਪੱਸ਼ਟ ਹੈ ਕਿ ਜਿਹੜੀਆਂ ਕੌਮਾਂ ਧਰਮ ਗ੍ਰੰਥ ਰੂਪੀ ਵਿਰਾਸਤ ਦੇ ਫ਼ਖ਼ਰ ਨੂੰ ਸੰਭਾਲ ਦੇ ਰੱਖਣ ਤੋਂ ਅਸਮਰੱਥ ਹੋ ਜਾਂਦੀਆਂ ਹਨ, ਉਹ ਸਮੇਂ ਦੇ ਕਾਲ ਚੱਕਰ ਵਿੱਚ ਆਪਣਾ ਸਰੂਪ ਤੇ ਧਰਮ ਦੋਵੇਂ ਗਵਾ ਬੈਠਦੀਆਂ ਹਨ। ਹੋਰ ਵੀ ਸੌਖੇ ਸ਼ਬਦਾਂ ਵਿੱਚ ਦਸਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹ ਕੌਮੀਅਤਾਂ ਜੋ ਆਪਣੇ ਧਰਮ ਗ੍ਰੰਥਾਂ ਦੇ ਰਹੱਸ ਨੂੰ ਸਮਝਣ ਦੇ ਸਮਰੱਥ ਹੁੰਦੀਆਂ ਹਨ, ਉਹ ਹਮੇਸ਼ਾ–ਹਮੇਸ਼ਾ ਲਈ ਅਮਰ ਹੋ ਜਾਂਦੀਆਂ ਹਨ ਅਤੇ ਜਿਹੜੀਆਂ ਕੌਮਾਂ ਆਪਣੀ ਵਿਰਾਸਤ ਦੇ ਇਸ ਫ਼ਖ਼ਰ (ਧਰਮ ਗ੍ਰੰਥ) ਨੂੰ ਸਮਝਣ ਤੋਂ ਅਸਮਰੱਥ ਹੋ ਜਾਂਦੀਆਂ ਹਨ, ਉਨ੍ਹਾਂ ਦਾ ਖ਼ਾਤਮਾ ਵੀ ਲਾਜ਼ਮੀ ਹੁੰਦਾ ਹੈ। ਇਤਿਹਾਸ ਵਿੱਚ ਅਨੇਕਾਂ ਉਦਾਹਰਣਾਂ

ਇਸਦੀ ਪੁਸ਼ਟੀ ਵਿਚ ਦਿੱਤੀਆਂ ਜਾ ਸਕਦੀਆਂ ਹਨ। ਅਨੇਕਾਂ ਅਮੀਰ ਸਭਿਆਚਾਰਾਂ, ਕੌਮਾਂ ਅਤੇ ਧਰਮਾਂ ਜਿਨ੍ਹਾਂ ਨੇ ਆਪਣੇ ਧਰਮ ਗ੍ਰੰਥ ਰੂਪੀ ਖ਼ਜ਼ਾਨੇ ਨੂੰ ਸੰਭਾਲਣ ਵਿਚ ਅਵੇਸਲਾਪਨ ਜਾਂ ਅਣਗਹਿਲੀ ਕੀਤੀ, ਉਹ ਸਾਰੇ ਕੇਵਲ ਇਤਿਹਾਸ ਦੀ ਕਿਸੇ ਸਮੇਂ ਵਾਪਰੀ ਘਟਨਾ ਬਣ ਕੇ ਰਹਿ ਗਏ।

ਸਪਸ਼ਟ ਹੈ ਕਿ ਧਰਮ ਗ੍ਰੰਥ ਅਤੇ ਧਰਮ ਦਾ ਰਿਸ਼ਤਾ ਰੂਹ ਅਤੇ ਸਰੀਰ ਵਾਲਾ ਹੈ। ਜਿਸ ਤਰ੍ਹਾਂ ਸਰੀਰ ਵਿਚ ਰੂਹ ਨਾ ਹੋਵੇ ਤਾਂ ਸਰੀਰ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਉਸੇ ਤਰ੍ਹਾਂ ਜੇ ਕਿਸੇ ਧਰਮ ਪਾਸ ਧਰਮ ਗ੍ਰੰਥ ਨਾ ਹੋਵੇ ਤਾਂ ਧਰਮ ਦੀ ਭੂਮਿਕਾ ਦਾ ਪ੍ਰਸੰਗ ਹੀ ਸਥਾਪਿਤ ਨਹੀਂ ਹੁੰਦਾ। ਇਸ ਦੇ ਪ੍ਰਸੰਗ ਦੀ ਸਥਾਪਤੀ ਲਈ ਕਿਸੇ ਵਿਦਵਾਨ ਨੇ ਧਰਮ ਗ੍ਰੰਥਾਂ ਦੀ ਮਹੱਹਤਾ ਦਾ ਬਖਾਨ ਬਹੁਤ ਹੀ ਖ਼ੂਬਸੂਰਤੀ ਨਾਲ ਕਰਦਿਆਂ ਧਰਮ ਗ੍ਰੰਥਾਂ ਦੀ ਤੁਲਨਾ ਪਾਣੀ ਦੇ ਅਜਿਹੇ ਚਸ਼ਮਿਆਂ ਨਾਲ ਕੀਤੀ ਹੈ " ਜੋ ਥੱਕੇ –ਟੁੱਟੇ ਮੁਸਾਫ਼ਿਰਾਂ ਲਈ ਜੀਵਨਦਾਨੀ ਹੀ ਨਹੀਂ ਬਣਦੇ ਸਗੋਂ ਜ਼ਿੰਦਗੀ ਦੇ ਮਾਰੂਥਲਾਂ ਦੀ ਤਪਸ਼ ਵਿੱਚ ਥੱਕੇ–ਹਾਰੇ, ਭਟਕਦੇ ਅਤੇ ਜਲ–ਭੁਜ ਰਹੇ ਲੋਕਾਂ ਨੂੰ ਧੁਰ ਅੰਦਰ ਤੱਕ ਆਪਣੀ ਠੰਢਕ ਨਾਲ ਸਹਿਜ ਅਵਸਥਾ ਦੇ ਧਾਰਨੀ ਵੀ ਬਣਾ ਦਿੰਦੇ ਹਨ।" ਸਪਸ਼ਟ ਹੈ ਕਿ ਧਰਮ ਗ੍ਰੰਥਾਂ ਦੇ ਬਿਨਾਂ ਮਨੁੱਖ ਅਤੇ ਮਨੁੱਖੀ ਸਮਾਜ ਦੀ ਕੋਈ ਅਹਿਮੀਅਤ ਹੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ।

ਧਰਮ ਦੀ ਸਦੀਵਤਾ, ਮਨੁੱਖ ਦੀ ਉਤਮਤਾ ਅਤੇ ਧਰਮ ਦੇ ਸੰਸਥਾਤਮਕ ਰੂਪ ਵਿਚ ਧਰਮ ਗ੍ਰੰਥ ਦੀ ਕੇਂਦਰੀ ਰੋਲ ਅਦਾ ਕਰਦਾ ਹੈ। ਇਸ ਦੇ ਨਾਲ ਹੀ ਧਰਮ ਗ੍ਰੰਥ ਹੀ ਕਿਸੇ ਵੀ ਧਰਮ ਜਾਂ ਕੌਮੀਅਤ ਦੀ ਵੱਖਰੀ ਅਤੇ ਨਿਰਾਲੀ ਹੋਂਦ ਨੂੰ ਸਿੱਧ ਕਰਨ ਵਿੱਚ ਕੇਂਦਰੀ ਭੂਮਿਕਾ ਅਦਾ ਕਰਦਾ ਹੈ। ਜਿਸ ਤਰ੍ਹਾਂ ਪਿਛੇ ਜ਼ਿਕਰ ਆ ਚੁੱਕਾ ਹੈ ਕਿ ਧਰਮ ਜਾਂ ਕੌਮੀਅਤ ਦੀ ਵੱਖਰੀ ਹੋਂਦ ਲਈ ਕੁਝ ਤੱਤ ਕੇਂਦਰੀ ਭੂਮਿਕਾ ਨਿਭਾਉਂਦੇ ਹਨ ਅਤੇ ਧਰਮ ਗ੍ਰੰਥ ਉਨ੍ਹਾਂ ਵਿੱਚੋਂ ਇੱਕ ਹੈ।

ਬੇਸ਼ੱਕ ਇਹਨਾਂ ਤੱਤਾਂ ਦਾ ਆਪਣਾ ਆਪਣਾ ਮਹੱਤਵਪੂਰਨ ਸਥਾਨ ਹੈ ਪਰ ਕੋਈ ਵੀ ਸਮੂਹ ਜਾਂ ਕੌਮੀਅਤ ਨੂੰ ਅਗਵਾਈ ਦੇਣ ਜਾਂ ਉਸ ਲਈ ਦਿਸ਼ਾ ਨਿਰਦੇਸ਼ ਧਰਮ ਗ੍ਰੰਥ ਹੀ ਦਿੰਦਾ ਹੈ। ਇਸ ਲਈ ਇਹ ਪਰਵਾਨ ਕਰਜਕੇ ਚੱਲਿਆ ਜਾਂਦਾ ਹੈ ਕਿ ਧਰਮ ਗ੍ਰੰਥ ਦਾ ਇਕ ਇਕ 'ਵਾਕ' ਰੱਬ ਦੇ ਬੋਲ ਹਨ, ਜਿਹੜਾ ਉਹ ਆਪਣੀ ਚੁਣੀ ਹੋਈ ਪੈਗ਼ੰਬਰੀ ਅਜ਼ਮਤ ਤੇ ਲੋਕਾਈ ਦੇ ਭਲੇ ਲਈ ਨਾਜ਼ਲ ਕਰਦਾ ਹੈ। ਜਿਵੇਂ ਪੁਰਾਣੇ ਨੇਮ ਦੀ ਕਿਤਾਬ 'ਜ਼ਬੂਰ' ਵਿਚ ਲਿਖਿਆ ਹੈ: "ਉਹ ਮੂਸਾ ਤੇ ਨਾਜ਼ਲ ਹੋਇਆ ਤੇ ਆਪਣਾ ਹੁਕਮ 'ਵਾਕ' ਰਾਹੀਂ ਦਿੱਤਾ। ਉਸਦਾ ਵਾਕ ਅਤਿਅੰਤ ਪ੍ਰਚੰਡ ਵੇਗ ਵਾਲਾ ਸੀ।" ਇਸ ਦੇ ਨਾਲ ਹੀ ਰੱਬੀ ਬੋਲਾਂ ਨੂੰ ਖਾਸ ਚਿੰਨ੍ਹਾਤਮਕ ਰੂਪ ਵਿਚ ਦੱਸਦਿਆਂ ਉਕਤ ਗ੍ਰੰਥ

ਵਿਚ ਅੰਕਤ ਹੈ: "ਉਹ ਵਾਕ ਜਿਸ ਨੇ ਅਸਮਾਨਾਂ ਨੂੰ ਹਿਲਾ ਦਿੱਤਾ ਅਤੇ ਜਿਸਦੇ ਕਾਰਣ ਧਰਤੀ ਨੂੰ ਕਾਂਬਾ ਛਿੜ ਗਿਆ।

ਵੱਖ ਵੱਖ ਧਰਮਾਂ ਦੇ ਧਰਮ ਗ੍ਰੰਥਾਂ ਅਤੇ ਸਿੱਖ ਧਰਮ ਦੇ ਪਵਿੱਤਰ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਦਾਨ ਕਲਾ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

## 1.3 ਯਹੂਦੀ ਧਰਮ

ਪੁਰਾਣੇ ਨੇਮ ਦਾ ਇਕ ਪ੍ਰਸਿੱਧ ਨਬੀ ਯਿਰਮਿਯਾਹ ਹੈ। ਯਿਰਮਿਯਾਹ ਆਪਣੀ ਪੁਸਤਕ ਦੇ ਆਰੰਭ ਵਿਚ ਉਸ ਉਪਰ ਉਤਰੀ ਰੱਬੀ ਬਾਣੀ ਦਾ ਬਿਆਨ ਕਰਦਾ ਹੈ ਜਿਹੜਾ ਇਸ ਗੱਲ ਦੀ ਪੁਖਤਾ ਉਦਾਹਰਣ ਹੈ ਕਿ ਰੱਬੀ ਬੋਲ ਪੈਗ਼ੰਬਰੀ ਅਜ਼ਮਤ 'ਤੇ ਉਤਰਦੇ ਹਨ ਅਤੇ ਉਨ੍ਹਾਂ ਦੁਆਰਾ ਬੋਲੇ ਗਏ ਵਚਨ ਜਾਂ ਸ਼ਬਦ ਅਸਲ ਵਿੱਚ ਪਰਮੇਸ਼ਰ ਦੇ ਆਪਣੇ ਵਚਨ ਹੀ ਹੁੰਦੇ ਹਨ। ਜਿਨ੍ਹਾਂ ਦੇ ਰਾਹੀਂ ਉਹ ਆਪਣੀ ਕੌਮ ਦੇ ਲੋਕਾਂ ਨੂੰ ਉਪਦੇਸ਼ ਦਿੰਦਾ ਹੈ। ਇਥੇ ਇਲਹਾਮੀ ਬਾਣੀ ਦੇ ਅਵਤਰਣ ਦੀ ਪ੍ਰਕਿਰਿਆ ਨੂੰ ਰੂਪਮਾਨ ਕਰਨ ਲਈ ਹਵਾਲੇ ਸਹਿਤ ਦੱਸਣਾ ਪ੍ਰਸੰਗਯੁਕਤਿ ਹੋਵੇਗਾ ਜਿਸਦਾ ਜ਼ਿਕਰ ਨਬੀ ਯਿਰਮਿਯਾਹ ਨੇ ਕੀਤਾ ਹੈ:

- ਪ੍ਰਭੂ ਨੇ ਮੈਨੂੰ (ਯਿਰਮਿਯਾਹ ਨਬੀ) ਕਿਹਾ, " ਤੇਰੀ ਮਾਂ ਦੀ ਕੁੱਖ ਵਿੱਚ ਘੱਲਣ ਤੋਂ ਪਹਿਲਾਂ ਹੀ ਮੈਂ ਤੈਨੂੰ ਚੁਣ ਲਿਆ ਸੀ, ਅਤੇ ਤੇਰੇ ਜਨਮ ਲੈਣ ਤੋਂ ਪਹਿਲਾਂ ਹੀ ਮੈਂ ਤੈਨੂੰ ਕੌਮ ਦੇ ਲਈ ਨਬੀ ਨਿਯੁਕਤ ਕੀਤਾ ਸੀ।"
- ਮੈਂ (ਯਿਰਮਿਯਾਹ) ਉਤਰ ਦਿੱਤਾ, "ਪ੍ਰਭੂ ਪਰਮੇਸ਼ਵਰ! ਮੈਂ ਤੇ ਅਜੇ ਬਾਲ ਹਾਂ, ਮੇਰੇ ਮੂੰਹ ਵਿਚ ਤੇ ਜ਼ੁਬਾਨ ਨਹੀਂ ਹੈ ਅਤੇ ਇਸ ਲਈ ਮੈਂ ਬੋਲਣਾ ਵੀ ਨਹੀਂ ਜਾਣਦਾ।"
- ਪ੍ਰਭੂ ਨੇ ਮੈਨੂੰ ਕਿਹਾ, "ਤੂੰ ਇਸ ਤਰ੍ਹਾਂ ਨਾ ਕਹਿ ਕਿ ਤੂੰ ਛੋਟੀ ਉਮਰ ਦਾ ਹੈਂ, ਸਗੋਂ ਤੂੰ ਉਨ੍ਹਾਂ ਲੋਕਾਂ ਕੋਲ ਜਾਹ, ਜਿਨ੍ਹਾਂ ਕੋਲ ਮੈਂ ਤੈਨੂੰ ਘੱਲ ਰਿਹਾ ਹਾਂ ਅਤੇ ਉਨ੍ਹਾਂ ਨੂੰ ਉਹ ਸਭ ਦੱਸ ਜਿਸ ਦੀ ਮੈਂ ਤੈਨੂੰ ਆਗਿਆ ਦਿੰਦਾ ਹਾਂ। ਤੂੰ ਕਿਸੇ ਦਾ ਡਰ ਨਾ ਰੱਖ, ਕਿਉਂਕਿ ਮੈਂ ਤੇਰੇ ਨਾਲ ਹੋਵਾਂਗਾ ਅਤੇ ਤੇਰੀ ਰੱਖਿਆ ਕਰਾਂਗਾ। ਇਹ ਕਹੀਂ ਕਿ ਇਹ ਸਭ ਕੁਝ ਪ੍ਰਭੂ ਨੇ ਕਿਹਾ ਹੈ।"
- ਤਦ ਪ੍ਰਭੂ ਨੇ ਆਪਣੇ ਹੱਥ ਅੱਗੇ ਵਧਾ ਕੇ ਮੇਰੇ ਬੁੱਲ੍ਹਾਂ ਨੂੰ ਛੂਹਿਆ ਅਤੇ ਕਿਹਾ, "ਮੈਂ ਤੇਰੇ ਮੂੰਹ ਵਿਚ ਆਪਣਾ ਵਚਨ ਪਾ ਰਿਹਾ ਹਾਂ, ਜੋ ਤੂੰ ਬੋਲੇਂਗਾ, ਪ੍ਰਭੂ ਪਰਮੇਸ਼ਵਰ ਉਸ ਸਮੇਂ ਤੱਕ ਕੁਝ ਨਹੀਂ ਕਰਦਾ,

> ਜਦੋਂ ਤੱਕ ਉਹ ਪਹਿਲਾਂ ਆਪਣੇ ਵਾਕ ਦਾਸ–ਨਬੀਆਂ ’ਤੇ ਪ੍ਰਗਟ ਨਾ ਕਰ ਦੇਵੇ। ਪ੍ਰਭੂ ਪਰਮੇਸ਼ਵਰ ਦੇ ਬੋਲਣ ਤੇ ਕੌਣ ਉਸ ਦਾ ਸੰਦੇਸ਼ ਨਹੀਂ ਦੇਵੇਗਾ।"

ਪਵਿੱਤਰ ਬਾਈਬਲ ਇਸ ਗੱਲ ਦਾ ਪ੍ਰਗਟਾ ਕਰਦਾ ਹੈ ਕਿ ਨਬੀਆਂ ਤੋਂ ਪਹਿਲਾਂ ਪਰਮੇਸ਼ਵਰ ਨੇ ਮੂਸਾ ਦੇ ਰਾਹੀਂ, ਇਸਰਾਈਲੀ ਲੋਕਾਂ ਨੂੰ ਉਨ੍ਹਾਂ ਦੇ ਵਰਤੋਂ ਵਿਹਾਰ ਲਈ ਵਿਵਹਾਰਿਕ ਨਿਯਮ ਦਿੱਤੇ ਸਨ ਜਿਨ੍ਹਾਂ 'ਤੇ ਚੱਲ ਕੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਬਸ਼ਰ ਕਰਨੀ ਸੀ। ਇਨ੍ਹਾਂ ਨੂੰ 'ਦਸ ਨਿਯਮਾਂ ਦੀ ਪੱਟੀ' ਕਿਹਾ ਜਾਂਦਾ ਹੈ। ਇਹ ਦਸ ਨਿਯਮ ਪਰਮੇਸ਼ਵਰ ਨੇ ਆਪ ਬੋਲੇ ਸਨ। ਇਸ ਦਾ ਸਪੱਸ਼ਟ ਪ੍ਰਗਟਾਅ ਪੈਗੰਬਰ ਮੂਸਾ ਦੇ ਸ਼ਬਦਾਂ ਵਿੱਚੋਂ ਇਸ ਤਰ੍ਹਾਂ ਹੁੰਦਾ ਹੈ:

ਤਦ ਮੂਸਾ ਨੇ ਇਸਰਾਈਲ ਦੇ ਸਭ ਲੋਕਾਂ ਨੂੰ ਸੱਦ ਕੇ ਕਿਹਾ:

ਇਸਰਾਈਲੀ ਲੋਕੋ, ਸਾਡੇ ਪ੍ਰਭੂ ਪ੍ਰਮੇਸ਼ਵਰ ਨੇ ਸਾਡੇ ਨਾਲ ਹੋਰੇਬ ਪਰਬਤ 'ਤੇ ਨੇਮ ਕੀਤਾ ਸੀ। ਪ੍ਰਭੂ ਨੇ ਪਹਾੜ ਤੇ ਅੱਗ ਵਿਚ ਆਹਮੋ ਸਾਹਮਣੇ ਮੇਰੇ ਨਾਲ ਗੱਲਾਂ ਕੀਤੀਆਂ ਸੀ। ਉਸ ਸਮੇਂ ਪ੍ਰਭੂ ਨੇ ਕਿਹਾ ਸੀ:

- ਮੈਂ ਪ੍ਰਭੂ ਤੇਰਾ ਪ੍ਰਮੇਸ਼ਰ ਹਾਂ, ਜੋ ਤੈਨੂੰ ਮਿਸਰ ਦੇਸ਼ ਤੋਂ ਅਥਾਹ ਗੁਲਾਮੀ ਦੇ ਘਰ ਵਿਚੋਂ ਛੁਡਾ ਕੇ ਬਾਹਰ ਲਿਆਇਆ ਸੀ।
- ਤੂੰ ਮੇਰੇ ਤੋਂ ਸਿਵਾਏ ਕਿਸੇ ਹੋਰ ਦੇਵਤੇ ਦੀ ਪੂਜਾ ਨਾ ਕਰਨਾ।
- ਤੂੰ ਆਪਣੇ ਲਈ ਕੋਈ ਘੜਿਆ ਹੋਇਆ ਬੁੱਤ ਨਾ ਬਣਾਉਣਾ ਜਾਂ ਕਿਸੇ ਤਰ੍ਹਾਂ ਦੀ ਕਿਸੇ ਚੀਜ਼ ਦੀ ਮੂਰਤ ਨਾ ਬਣਾਉਣਾ, ਤੂੰ ਨਾ ਤਾਂ ਉਨ੍ਹਾਂ ਅੱਗੇ ਮੱਥਾ ਟੇਕ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰ!......
- ਤੂੰ ਆਪਣੇ ਪ੍ਰਭੂ ਪਰਮੇਸ਼ਰ ਦਾ ਨਾਂ ਵਿਅਰਥ ਨਾ ਲੈ....
- ਤੂੰ ਸਬਤ ਦੇ ਦਿਨ ਨੂੰ ਪਵਿੱਤਰ ਕਰਕੇ ਮੰਨਣਾ.....
- ਤੂੰ ਆਪਣੇ ਮਾਂ ਪਿਓ ਦਾ ਆਦਰ ਕਰ...
- ਤੂੰ ਕਤਲ ਨਾ ਕਰ...
- ਤੂੰ ਵਿਭਚਾਰ ਨਾ ਕਰ.....
- ਤੂੰ ਚੋਰੀ ਨਾ ਕਰ....
- ਤੂੰ ਆਪਣੇ ਗੁਆਂਢੀ ਵਿਰੁੱਧ ਗਵਾਹੀ ਨਾ ਦੇਹ ਤੇ ਨਾ ਹੀ ਆਪਣੇ ਗੁਆਂਢੀ ਦੀ ਕਿਸੇ ਚੀਜ਼ ਦਾ ਲੋਭ ਕਰ।

ਇਹ ਸਭ ਹੁਕਮ ਪਰਮੇਸ਼ਰ ਨੇ ਬਹੁਤ ਵੱਡੀ ਆਵਾਜ਼ ਨਾਲ ਸੁਣਾਏ ਸਨ। ਉਸਨੇ ਇਹ ਸਭ ਪੱਥਰ ਦੀਆਂ ਦੋਹਾਂ ਪੱਟੀਆਂ ਉੱਤੇ ਲਿਖਕੇ ਮੈਨੂੰ ਦਿੱਤੇ ਸਨ।

## 1.4 ਇਸਾਈ ਧਰਮ

ਧਰਮ ਗ੍ਰੰਥਾਂ ਦੇ ਇਲਹਾਮੀ ਹੋਣ ਦੀ ਆਸਥਾ ਇਸਾਈ ਧਰਮ ਵਿਚ ਵੀ ਯਹੂਦੀ ਧਰਮ ਵਾਂਗ ਹੀ ਪਰਪੱਕ ਹੈ। ਇਸਦਾ ਸਿਧਾਂਤਕ ਪ੍ਰਸੰਗ ਨਵੇਂ ਨੇਮ ਵਿਚਲੀਆਂ ਪੁਸਤਕਾਂ ਵਿਚ ਬਹੁਤ ਹੀ ਸਪਸ਼ਟ ਰੂਪ ਵਿੱਚ ਸਾਹਮਣੇ ਆਉਂਦਾ ਹੈ। ਪ੍ਰਸਿੱਧ ਇਸਾਈ ਚਿੰਤਕ ਮੈਕਡਾਨਲਡ ਅਨੁਸਾਰ "ਇਲਹਾਮ ਪਰਮਾਤਮਾ ਦੇ ਦੈਵੀ ਕਾਰਜ ਦੀ ਉਹ ਲੜੀ ਹੈ ਜਿਸ ਰਾਹੀਂ ਮਨੁੱਖਾਂ ਦੇ ਜੀਵਨ ਵਿਚ, ਉਨ੍ਹਾਂ ਨੂੰ ਮੁਕਤੀ ਪ੍ਰਦਾਨ ਕਰਨ ਲਈ ਈਸ਼ਵਰ ਆਪ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ ਹੈ। ਨਵਾਂ ਨੇਮ ਇਨ੍ਹਾਂ ਮਿਲਣੀਆਂ ਦਾ ਲਿਖਤੀ ਪ੍ਰਮਾਣ ਹੈ।"

'ਮਹਾਂਵਾਕ' ਵਜੋਂ ਪਹਾੜੀ ਸੰਦੇਸ਼ ਅਤੇ ਇਲਹਾਮੀ ਨਾਦ ਦਾ ਪਵਿੱਤਰ ਚਿੱਟੇ ਕਬੂਤਰ ਦੇ ਰੂਪ ਵਿਚ ਯਿਸੂ ਉੱਤੇ ਉਤਰਨਾ ਉਪਰੋਕਤ ਦੀ ਪੁਸ਼ਟੀ ਹਿੱਤ ਵੇਖੇ ਜਾ ਸਕਦੇ ਹਨ। ਇਥੋਂ ਤੱਕ ਕਿ ਯਿਸੂ ਮਸੀਹ ਨੂੰ ਸਰੀਰ ਰੂਪ ਦੀ ਥਾਂ ਇਲਹਾਮੀ ਬਾਣੀ ਦੇ ਰੂਪ ਵਿਚ ਵੇਖਣ ਦੇ ਅਨੇਕਾਂ ਹਵਾਲੇ 'ਨਵੇਂ ਨੇਮ' ਵਿਚ ਅੰਕਤ ਹਨ।

ਇਥੋਂ ਤੱਕ ਕਿ ਕ੍ਰਾਈਸਟ ਨਾਮ ਦਾ ਕੋਸ਼ੀ ਅਰਥ ਵੀ 'ਸ਼ਬਦ' ਹੀ ਹੈ। ਸੰਤ ਯੂਹੰਨਾਂ ਦੀਆਂ ਲਿਖਤਾਂ ਇਸ ਅਧਿਆਤਮਕ ਪ੍ਰਸੰਗ ਦੀ ਉਸਾਰੀ ਇਸ ਤਰ੍ਹਾਂ ਕਰਦੀਆਂ ਹਨ:

- ਮਹਾਂਵਾਕ ਮਨੁੱਖ ਬਣਿਆ ਅਤੇ ਸਾਡੇ ਵਿਚ ਰਿਹਾ।
- ਅਸੀਂ ਉਸਦਾ ਪ੍ਰਤਾਪ ਵੇਖਿਆ,
- ਇਹ ਪ੍ਰਤਾਪ ਉਸ ਨੂੰ ਪਿਤਾ ਦੇ ਇਕਲੌਤਾ ਪੁੱਤਰ ਹੋਣ 'ਤੇ ਮਿਲਿਆ ਸੀ।
- ਅਸੀਂ ਸਾਰਿਆਂ ਨੇ ਉਸਦੀ ਸੰਪੂਰਨਤਾ ਵਿਚੋਂ ਕ੍ਰਿਪਾ ਪ੍ਰਾਪਤ ਕੀਤੀ।
- ਪਰਮੇਸ਼ਰ ਨੇ ਵਿਵਸਥਾ ਤਾਂ ਮੂਸਾ ਦੇ ਦੁਆਰਾ ਦਿੱਤੀ ਪਰ ਕ੍ਰਿਪਾ ਅਤੇ ਸਚਾਈ ਯਿਸੂ ਮਸੀਹ 'ਤੇ ਉਤਰੀ।
- ਪਰਮੇਸ਼ਰ ਨੂੰ ਕਦੀ ਕਿਸੇ ਨੇ ਨਹੀਂ ਦੇਖਿਆ,
- ਕੇਵਲ ਪਰਮੇਸ਼ਰ ਦੇ ਇਕਲੌਤੇ ਪੁੱਤਰ ਨੇ, ਜੋ ਪਿਤਾ ਦੇ ਨਾਲ ਹੈ, ਉਸਨੂੰ ਪ੍ਰਗਟ ਕੀਤਾ।

ਨਵੇਂ ਨੇਮ ਦੀ ਇਕ ਹੋਰ ਪਵਿੱਤਰ ਪੁਸਤਕ ਵਿਚ ਧਰਮ ਗ੍ਰੰਥਾਂ ਦੇ ਇਲਹਾਮੀ ਬਾਣੀ ਹੋਣ ਦੇ ਸੱਚ ਦਾ ਪ੍ਰਗਟਾਅ ਇਨ੍ਹਾਂ ਸ਼ਬਦਾਂ ਨਾਲ ਕੀਤਾ ਹੋਇਆ ਹੈ:

- ਹਰ ਪਵਿੱਤਰ ਗ੍ਰੰਥ ਦੇ ਸ਼ਬਦ ਪਰਮੇਸ਼ਰ ਦੇ ਹਨ। ਪਵਿੱਤਰ ਗ੍ਰੰਥ ਪਰਮੇਸ਼ਰ ਦੀ ਦੈਵੀ ਪ੍ਰੇਰਨਾ ਦੁਆਰਾ ਰਚਿਆ ਗਿਆ ਹੈ ਅਤੇ ਉਹ ਸਿੱਖਿਆ ਦੇ ਲਈ ਹਰ ਤਰ੍ਹਾਂ ਦੇ ਭਲੇ ਜੀਵਨ ਦੀ ਸਿਖਲਾਈ ਲਈ ਲਾਭਕਾਰੀ ਹੈ।

ਸਪਸ਼ਟ ਹੈ ਕਿ ਇਸਾਈਅਤ ਵਿਚ ਧਰਮ ਗ੍ਰੰਥਾਂ ਦੇ ਬੋਲਾਂ ਨੂੰ ਰੱਬੀ ਬੋਲਾਂ ਦਾ ਰੁਤਬਾ ਹਾਸਲ ਹੈ। ਇਹ ਦੈਵੀ ਬੋਲ ਪੈਗ਼ੰਬਰ ਅਜ਼ਮਤ ਦੁਆਰਾ 'ਧਰਤਿ ਲੋਕਾਈ' ਲਈ ਭੇਜੇ ਜਾਂਦੇ ਹਨ ਤਾਂ ਜੋ ਪਰਮੇਸ਼ਰ ਦਾ ਰਾਜ ਸਥਾਪਤ ਹੋਵੇ।

## 1.5 ਇਸਲਾਮ ਧਰਮ

ਇਸਲਾਮ ਧਰਮ ਸਾਮੀ ਧਰਮ ਪਰੰਪਰਾ ਦਾ ਤੀਸਰਾ ਮਹੱਤਵਪੂਰਨ ਧਰਮ ਹੈ। ਇਸ ਧਰਮ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਹਨ ਅਤੇ ਇਸ ਧਰਮ ਦਾ ਪਵਿੱਤਰ ਧਰਮ ਗ੍ਰੰਥ 'ਕੁਰਆਨ' ਹੈ। ਇਸਲਾਮੀ ਵਿਸ਼ਵਾਸ ਅਨੁਸਾਰ, "ਖੁਦਾ ਜਿਸ ਸੇਵਕ 'ਤੇ ਪ੍ਰਸੰਨ ਹੁੰਦਾ ਹੈ, ਉਸ ਕੋਲ ਆਪਣੇ ਅਮਰ (ਹੁਕਮ) ਦੁਆਰਾ ਕੌਲ ਜਾਂ ਕਲਮਾ ਭੇਜਦਾ ਹੈ।" ਇਸਲਾਮੀ ਮਾਨਤਾ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਉਪਰ ਸੰਪੂਰਨ ਕੁਰਆਨ ਨਾਜ਼ਲ ਹੋਇਆ। ਇਸ ਵਿਚ ਇਕ ਵੀ ਸ਼ਬਦ ਮੁਹੰਮਦ ਸਾਹਿਬ ਦਾ ਆਪਣਾ ਨਹੀਂ ਹੈ। ਨਾਜ਼ਲ ਹੋਣ ਦੇ ਦੋ ਮੁੱਖ ਪੜਾਅ ਮੰਨੇ ਗਏ ਹਨ:

"ਲੈਲਤ–ਉਲ–ਕਦਰ(ਜਿਸ ਰਾਤ ਇਹ ਨਾਜ਼ਲ ਹੋਇਆ) ਨੂੰ ਸੰਨ 610 ਈਸਵੀ ਵਿਚ ਸੰਪੂਰਨ ਕੁਰਆਨ ਧਰਤੀ ਦੇ ਨੇੜੇ ਵਾਲੇ ਅਸਮਾਨ 'ਤੇ ਨਾਜ਼ਲ ਹੋਇਆ, ਜਿਥੇ ਇਹ ਲੋੜ ਅਤੇ ਮੌਕੇ ਅਨੁਸਾਰ ਜ਼ਿਬਰਾਈਲ (ਫਰਿਸ਼ਤੇ) ਰਾਹੀਂ ਵਹੀ–ਏ–ਮਤਲੋ ਦੇ ਰੂਪ ਵਿਚ ਹਜ਼ਰਤ ਮੁਹੰਮਦ ਸਾਹਿਬ 'ਤੇ 633 ਈਸਵੀ ਤੱਕ ਉਨ੍ਹਾਂ ਦੇ ਜੀਵਨ ਦੇ ਅੰਤਮ ਵਰ੍ਹੇ ਤੱਕ ਸਹਿਜੇ ਸਹਿਜੇ (ਕੁਰਆਨ ਨੂੰ ਅਸਾਂ ਥੋੜ੍ਹਾ ਥੋੜ੍ਹਾ ਕਰਕੇ ਇਸ ਲਈ ਉਤਾਰਿਆ ਹੈ ਕਿ ਤੁਸੀਂ ਇਸ ਨੂੰ ਤਸੱਲੀ ਨਾਲ ਲੋਕਾਂ ਨੂੰ ਸੁਣਾਓ ਅਤੇ ਅਸਾਂ ਆਪ ਹੀ ਇਸ ਨੂੰ ਪੜਾਅਵਾਰ ਉਤਾਰਿਆ ਹੈ, 17:106) ਨਾਜ਼ਲ ਹੁੰਦਾ ਰਿਹਾ।" ਪਵਿੱਤਰ ਕੁਰਆਨ ਵਿਚ ਅਨੇਕਾਂ ਹਵਾਲੇ ਹਨ, ਜਿਹੜੇ ਇਸ ਦੇ ਰੱਬੀ ਬੋਲ ਹੋਣ ਦੀ ਪੁਸ਼ਟੀ ਕਰਦੇ ਹਨ:

- ਅਸਾਂ ਇਹ ਕਿਤਾਬ ਤੁਹਾਡੇ ਤੇ ਨਾਜ਼ਲ ਕਰ ਦਿੱਤੀ ਹੈ ਜੋ ਹਰੇਕ ਚੀਜ਼ ਦੀ ਸਪੱਸ਼ਟ ਰੂਪ ਵਿੱਚ ਵਿਆਖਿਆ ਕਰਨ ਵਾਲੀ ਹੈ ਅਤੇ ਉਨ੍ਹਾਂ ਲੋਕਾਂ ਲਈ ਹਦਾਇਤ, ਮਿਹਰ ਤੇ ਖੁਸ਼ਖਬਰੀ ਹੈ ਜਿਹੜੇ ਰੱਬ ਦੇ ਆਗਿਆਕਾਰ ਬਣ ਗਏ ਹਨ।(16:89)

- ਇਹ ਇਕ ਵੱਡੀ ਬਰਕਤ ਵਾਲੀ ਕਿਤਾਬ ਹੈ ਜਿਹੜੀ (ਹੇ ਨਬੀ!) ਅਸਾਂ ਤੁਹਾਡੇ ਵੱਲ ਉਤਾਰੀ ਹੈ ਤਾਂ ਜੋ ਇਹ ਲੋਕ ਇਸ ਦੀਆਂ ਆਇਤਾਂ ਉਤੇ ਵਿਚਾਰ ਕਰਨ ਅਤੇ ਸੂਝਵਾਨ ਲੋਕ ਇਸ ਤੋਂ ਸਿਖਿਆ ਗ੍ਰਹਿਣ ਕਰਨ।(38:29)
- ਕੁਰਆਨ ਉਸ ਹਸਤੀ ਵਲੋਂ ਉਤਾਰਿਆ ਗਿਆ ਹੈ ਜਿਸ ਨੇ ਧਰਤੀ ਨੂੰ ਅਤੇ ਉਚੇ ਆਕਾਸ਼ ਨੂੰ ਸਾਜਿਆ ਹੈ।(20:4)
- ਹੇ ਨਬੀ! ਤੁਸੀਂ ਇਸ ਤੋਂ ਪਹਿਲਾਂ ਕੋਈ ਕਿਤਾਬ ਨਹੀਂ ਪੜਦੇ ਸੀ ਅਤੇ ਨਾ ਕਦੀ ਆਪਣੇ ਹੱਥ ਨਾਲ ਲਿਖਦੇ ਸੀ, ਜੇ ਕਿਤੇ ਅਜਿਹਾ ਹੁੰਦਾ ਤਾਂ ਝੂਠੇ ਲੋਕ ਸ਼ੱਕ ਵਿਚ ਪੈ ਸਕਦੇ ਸਨ। ਅਸਲ ਵਿਚ ਇਹ (ਕੁਰਆਨ ਦੀਆਂ ਆਇਤਾਂ) ਸਪੱਸ਼ਟ ਨਿਸ਼ਾਨੀਆਂ ਹਨ। ਉਨ੍ਹਾਂ ਲੋਕਾਂ ਦੇ ਦਿਲਾਂ ਵਿਚ ਜਿਨ੍ਹਾਂ ਨੂੰ ਗਿਆਨ ਬਖਸ਼ਿਆ ਗਿਆ ਹੈ।(29:48-49)
- ਹੇ ਨਬੀ! ਇਸ ਵਹੀ ਨੂੰ ਛੇਤੀ ਛੇਤੀ ਚੇਤੇ ਕਰਨ ਲਈ ਆਪਣੀ ਜ਼ਬਾਨ ਨਾ ਹਿਲਾਓ। ਇਸ ਨੂੰ ਯਾਦ ਕਰਾ ਦੇਣਾ ਤੇ ਪੜ੍ਹਵਾ ਦੇਣਾ ਸਾਡੇ ਜ਼ਿੰਮੇ ਹੈ।(75:16-17)
- ਹਕੀਕਤ ਇਹ ਹੈ ਕਿ ਇਹ ਇਕ ਵੱਡੀ ਜ਼ੋਰਾਵਰ ਕਿਤਾਬ ਹੈ। ਕੂੜ-ਕੁਸੱਤ ਨਾ ਸਾਹਮਣਿਓਂ ਇਸ ਉੱਤੇ ਆ ਸਕਦਾ ਹੈ ਨਾ ਪਿੱਛਿਓਂ। ਇਹ ਇਕ ਯੁਕਤੀਮਾਨ ਤੇ ਸਲਾਹੀ ਹੋਈ ਹਸਤੀ ਵੱਲੋਂ ਉਤਾਰੀ ਗਈ ਚੀਜ਼ ਹੈ।(41:41-42)
- ਇਸ (ਉਪਦੇਸ਼) ਨੂੰ ਅਸੀਂ ਹੀ ਉਚਾਰਿਆ ਹੈ ਅਤੇ ਅਸੀਂ ਆਪੇ ਇਸ ਦੇ ਰਾਖੇ ਹਾਂ।

ਉਪਰੋਕਤ ਦੈਵੀ ਬੋਲਾਂ ਤੋਂ ਸਪਸ਼ਟ ਹੁੰਦਾ ਹੈ ਕ ਪਵਿੱਤਰ ਕੁਰਆਨ ਵਿਚ ਅੰਕਤ ਇਕ ਇਕ 'ਕੌਲ' ਰੱਬੀ ਪੈਗ਼ਾਮ ਹੈ।

## 1.6 ਹਿੰਦੂ ਧਰਮ

ਹਿੰਦੂ ਧਰਮ ਹਿੰਦੁਸਤਾਨ ਦੀ ਧਰਤੀ ਦਾ ਬਹੁਤ ਮਹੱਤਵਪੂਰਨ ਧਰਮ ਹੈ। ਧਰਮਾਂ ਦੇ ਇਤਿਹਾਸਕ ਪ੍ਰਸੰਗ ਵਿਚ ਇਸ ਦੀ ਗਿਣਤੀ ਦੁਨੀਆਂ 'ਤੇ ਪੈਦਾ ਹੋਏ ਪਹਿਲੇ ਧਰਮਾਂ ਵਿਚ ਕੀਤੀ ਜਾਂਦੀ ਹੈ।

ਇਸ ਧਰਮ ਦਾ ਵਿਲੱਖਣ ਤੱਤ ਇਹ ਹੈ ਕਿ ਇਸ ਧਰਮ ਵਿਚ ਪੈਗ਼ੰਬਰੀ ਅਜ਼ਮਤ ਦਾ ਆਗਮਨ ਗੁੰਮ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿਚ ਇਹ ਇਕੋ ਇਕ ਅਜਿਹਾ ਧਰਮ ਹੈ

ਜਿਸਦਾ ਕੋਈ ਇਕ ਧਰਮ ਬਾਨੀ ਨਹੀਂ ਹੈ। ਇਸ ਧਰਮ ਦੇ ਪਵਿੱਤਰ ਧਰਮ ਗ੍ਰੰਥ ਵੇਦ ਹਨ ਜੋ ਗਿਣਤੀ ਵਿਚ ਚਾਰ ਹਨ। ਇਨ੍ਹਾਂ ਧਰਮ ਗ੍ਰੰਥਾਂ ਦਾ ਅਦਭੁਤ ਇਤਿਹਾਸ ਇਹ ਹੈ ਕਿ ਇਸ ਧਰਮ ਦੇ ਵਿਸ਼ਵਾਸੀਆਂ ਅਨੁਸਾਰ ਇਹ ਧਰਮ ਗ੍ਰੰਥ 'ਅਪੁਰਸ਼' ਰਚਨਾ ਹੈ ਭਾਵ ਇਨ੍ਹਾਂ ਦਾ ਕਰਤਾ ਕੋਈ ਮਨੁੱਖ ਨਹੀਂ ਹੈ। ਇਹ ਸਿੱਧੇ ਅਕਾਸ਼ ਤੋਂ ਧਰਤੀ 'ਤੇ ਉਤਰੇ। ਜੇਕਰ ਤਾਰਕਿਕ ਢੰਗ ਨਾਲ ਸੋਚਿਆ ਜਾਵੇ ਤਾਂ ਪ੍ਰਸੰਗ ਉਹੀ ਸਥਾਪਿਤ ਹੁੰਦਾ ਹੈ ਕਿ ਇਹ ਗ੍ਰੰਥ ਇਲਹਾਮੀ ਬਾਣੀ ਹਨ। ਇਸ ਦੀ ਪੁਸ਼ਟੀ ਈਸ਼ ਉਪਨਿਸ਼ਦ ਕਰਦਾ ਹੈ, ਜਦੋਂ ਉਹ ਵੇਦ ਬਾਣੀ ਦੀ ਰਚਨਾ ਬਾਰੇ ਕਾਵਿਕ ਰੂਪ ਵਿਚ ਗੱਲ ਕਰਦਾ ਹੈ:

ਉਹ ਹੈ ਪੂਰਣ, ਇਹ ਹੈ ਪੂਰਣ
ਪੂਰਣ ਤੋਂ ਹੀ ਆਏ ਪੂਰਣ।
ਪੂਰਣ ਤੋਂ ਫਿਰ ਲੈ ਕੇ ਪੂਰਣ
ਬਾਕੀ ਬਚਦਾ ਹੈ ਉਹ ਪੂਰਣ॥

ਛਾਂਦੋਗਯ ਉਪਨਿਸ਼ਦ ਵਿਚ ਵੀ ਵੇਦਾਂ ਨੂੰ ਪੁਰਖੁ ਦੀ ਬਾਂਣੀ ਦੇ ਰੂਪ ਵਿਚ ਉਸ ਦੀ ਮਹਿਮਾ ਦਾ ਗੁਣਗਾਨ ਕੀਤਾ ਮਿਲਦਾ ਹੈ:

'ਓ' ਪੁਰੁਖ ਦਾ ਰਸ ਵਾਕ ਹੈ
ਵਾਕ ਦਾ ਰਸ ਰਿਗਵੇਦ ਹੈ
ਸਾਮਵੇਦ ਦਾ ਰਸ ਉਦਗੀਥ ਹੈ।
ਵਾਕ ਹੀ ਰਿਗ ਜਾਤੀ ਹੈ
ਪ੍ਰਾਣ ਸਾਮ ਜਾਤੀ ਹੈ
ਓ ਇਹ ਅਖਰ ਉਦਗੀਥ ਹੈ
ਇਹ ਵਾਕ ਅਤੇ ਪ੍ਰਾਣ ਦਾ ਜੋੜਾ ਹੈ।
ਰਿਗ ਅਤੇ ਸਾਮ ਦਾ ਜੋੜਾ ਹੈ।

ਬ੍ਰਿਹਦਾਰਣਿਅਕ ਉਪਨਿਸ਼ਦ ਵਿਚ ਓਂਕਾਰ ਨੂੰ ਵੇਦ ਕਿਹਾ ਹੈ, ਅੰਕਿਤ ਹੈ:

ਇਹ ਓਂਕਾਰ ਵੇਦ ਹੈ, ਇਸ ਰਹੱਸ ਨੂੰ ਬ੍ਰਾਹਮਣ ਜਾਂ ਬ੍ਰਹਮ ਗਿਆਨੀ ਜਾਣਦੇ ਹਨ, ਕਿਉਂਕਿ ਜੋ ਜਾਣਨ ਯੋਗ ਹੈ, ਉਹ ਬ੍ਰਹਮ ਹੈ, ਉਸਨੂੰ ਓਂਕਾਰ ਵੇਦ ਰਾਹੀਂ ਜਾਣਿਆ ਜਾ ਸਕਦਾ ਹੈ।

ਬ੍ਰਿਹਦਾਰਣਿਅਕ ਉਪਨਿਸ਼ਦ ਵਿਚ ਯਾਗਵਲਕਿਆ ਰਿਸ਼ੀ ਅਤੇ ਉਸਦੀ ਪਤਨੀ ਮੈਤ੍ਰੇਯੀ ਦਾ ਸੰਵਾਦ ਦਰਜ ਹੈ, ਜਿਸ ਵਿਚ ਪਤਨੀ ਆਪਣੇ ਰਿਸ਼ੀ ਪਤੀ ਨੂੰ ਕਈ ਤਰ੍ਹਾਂ ਦੇ ਗੰਭੀਰ ਦਾਰਸ਼ਨਿਕ ਪ੍ਰਸ਼ਨ ਪੁੱਛਦੀ ਦਰਸਾਈ ਹੈ। ਇਸ ਵਿਚ ਵੇਦ ਕੀ ਹਨ, ਦਾ ਪ੍ਰਸ਼ਨ ਜਦੋਂ ਮੈਤ੍ਰੇਯੀ ਪੁੱਛਦੀ ਹੈ ਤਾਂ ਰਿਸ਼ੀ ਜਨ ਉਤਰ ਦਿੰਦਾ ਹੈ:

ਜਿਵੇਂ ਗਿੱਲੀਆਂ ਲੱਕੜਾਂ ਨੂੰ ਬਾਲਣ ਤੋਂ ਬਾਅਦ ਧੂੰਆਂ ਕਈ ਪਾਸੇ ਫੈਲ ਜਾਂਦਾ ਹੈ, ਹੇ ਮੈਤ੍ਰੇਯੀ!ਵੇਦ ਮਹਾਨ ਭੂਤ ਬ੍ਰਹਮ ਦੇ ਸਵਾਸ ਹਨ, ਜਿਨ੍ਹਾਂ ਨੂੰ ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵੇਦ ਕਿਹਾ ਜਾਂਦਾ ਹੈ। ਇਹ ਸਭ ਬ੍ਰਹਮ ਦੇ ਹੀ ਨਿਸ੍ਵਾਸ਼ ਹਨ।

ਪਵਿੱਤਰ ਗ੍ਰੰਥਾਂ ਵਿਚੋਂ ਲਈਆਂ ਉਪਰੋਕਤ ਉਦਾਹਰਨਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਮੇਂ ਹਰ ਧਰਮ ਦੇ ਮਹਾਂਪੁਰਖਾਂ ਤੇ ਰੱਬੀ ਬੋਲਾਂ ਦੀ ਬਖਸ਼ਿਸ਼ ਹੋਈ ਸੀ। ਇਸ ਬਖਸ਼ਿਸ਼ ਦੇ ਮਾਧਿਅਮ ਰਾਹੀਂ ਹੀ ਮਨੁੱਖ ਆਪਣੀ ਅਧਿਆਤਮਕ ਮੰਜ਼ਿਲ ਨੂੰ ਪ੍ਰਾਪਤ ਕਰਦਾ ਹੋਇਆ ਅੰਗਮੀ ਸੱਚ ਨਾਲ ਇਕਸੁਰ ਹੋ ਸਕਦਾ ਹੈ।

ਧਰਮ ਗ੍ਰੰਥ ਅਸਲ ਵਿਚ ਕਿਸੇ ਵੀ ਧਰਮ ਦੇ ਰੱਬੀ ਪ੍ਰਕਾਸ਼ਨ ਦਾ ਲਿਖਤੀ ਸੰਗ੍ਰਹਿ ਹੁੰਦੇ ਹਨ ਜਾਂ ਇਉਂ ਕਹਿ ਲਈਏ ਕਿ ਕਿਸੇ ਵੀ ਧਰਮ ਦੇ ਪੈਗ਼ੰਬਰ ਜਾਂ ਧਰਮ ਬਾਨੀ ਨੇ ਜੋ ਰੱਬੀ ਨਾਦ ਸੁਣਿਆ, ਉਸ ਦੇ ਸੰਗ੍ਰਹਿਤ ਰੂਪ ਨੂੰ ਧਰਮ ਗ੍ਰੰਥ ਕਹਿੰਦੇ ਹਨ। ਇਹ ਨਾਦ ਜਾਂ ਇਲਹਾਮ ਭਾਵੇਂ ਇਤਿਹਾਸਕ ਘਟਨਾਵਾਂ ਦੇ ਰੂਪ ਵਿਚ ਨਾਜ਼ਲ ਹੋਇਆ ਭਾਵੇਂ ਸ਼ਬਦ ਬਾਣੀ ਦੇ ਰੂਪ ਵਿਚ। ਇਸ ਗੱਲ ਦਾ ਪ੍ਰਗਟਾਅ ਹਰ ਧਰਮ ਦਾ ਧਰਮ ਗ੍ਰੰਥ ਅਤੇ ਗਿਆਨ ਸਾਹਿਤ ਕਰਦਾ ਹੈ।

## 1.7 ਸਿੱਖ ਧਰਮ

ਸਿੱਖ ਧਰਮ ਦੀ ਗੱਲ ਟਾਇਨਬੀ ਦੇ ਹਵਾਲੇ ਨਾਲ ਸ਼ੁਰੂ ਕੀਤੀ ਜਾ ਰਹੀ ਹੈ, ਉਹ ਸਿੱਖ ਧਰਮ ਦੇ ਵਿਲੱਖਣ ਰੂਪ ਨੂੰ ਪੇਸ਼ ਕਰਦਾ ਹੋਇਆ ਲਿਖਦਾ ਹੈ, "ਏਥੇ ਇਕ ਅਜਿਹਾ ਧਰਮ ਪੇਸ਼ ਕੀਤਾ ਜਾ ਰਿਹਾ ਹੈ ਜਿਹੜਾ ਇਸਲਾਮੀ ਅਥਵਾ ਸਾਮੀ ਤੇ ਈਸਾਈ ਪ੍ਰਭਾਵ ਤੋਂ ਬਿਲਕੁਲ ਪਾਕ ਹੈ। ਅਕਾਲ ਪੁਰਖ ਵਾਹਿਗੁਰੂ ਦੇ ਇਕ ਹੋਣ ਦੇ ਨਿਸ਼ਚੇ ਤੇ ਨਿਰਭਰ ਹੋ ਕੇ ਇਸ ਧਰਮ ਨੇ ਹਿੰਦੂ ਸਿਧਾਂਤਾਂ ਨੂੰ ਤਰਕ ਤੇ ਅਧਾਰਿਤ ਮੰਨਣ ਤੋਂ ਨਾਂਹ ਕੀਤੀ ਅਤੇ ਅਜਿਹੀਆਂ ਸਦਾਚਾਰੀ, ਵਿਵਹਾਰੀ ਤੇ ਧਾਰਮਿਕ ਸੰਸਥਾਵਾਂ ਦੀ ਨੀਂਹ ਰੱਖੀ, ਜਿਹੜੀਆਂ ਕਿ ਗੁਰੂ ਨਾਨਕ ਦੇ ਦੇਸ਼ ਕਾਲ ਅਥਵਾ

ਉਹਨਾਂ ਦੇ ਆਲੇ–ਦੁਆਲੇ ਤੋਂ ਬਿਲਕੁਲ ਨਿਰਾਲੀਆਂ ਤੇ ਨਵੀਂਆਂ ਸਨ। ਏਸ ਧਰਮ ਨਾਲੋਂ ਵਧੇਰੇ ਪ੍ਰਮਾਣਿਕ ਤੇ ਵਿਸ਼ਾਲ ਮੱਤ ਦੁਨੀਆਂ ਵਿਚੋਂ ਲੱਭਣਾ ਕਠਿਨ ਹੈ।"

ਇਸ ਧਰਮ ਦੀ ਪੈਗ਼ੰਬਰੀ ਅਜ਼ਮਤ ਬਾਣੀ ਦੇ ਦੈਵੀ ਹੋਣ ਦਾ ਬਖਾਨ ਇਸ ਤਰ੍ਹਾਂ ਕਰਦੇ ਹਨ:

(ੳ) ਜੈਸੀ ਮੈ ਆਵੈ ਖਸਮ ਕੀ ਬਾਣੀ

ਤੈਸੜਾ ਕਰੀ ਗਿਆਨੁ ਵੇ ਲਾਲੋ॥

(ਅ) ਤਾ ਮੈ ਕਹਿਆ ਕਹਣੁ ਜਾਂ ਤੁਝੈ ਕਹਾਇਆ॥

(ੲ) ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ॥

(ਸ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ॥

ਹਰਿ ਕਰਤਾ ਆਪਿ ਮੁਹਹੁ ਕਢਾਏ॥

(ਹ) ਹਉ ਆਪਹੁ ਬੋਲਿ ਨ ਜਾਣਦਾ

ਮੈ ਕਹਿਆ ਸਭੁ ਹੁਕਮਾਉ ਜੀ

ਹਰਿ ਭਗਤਿ ਖਜਾਨਾ ਬਖਸਿਆ

ਗੁਰਿ ਨਾਨਕਿ ਕੀਆ ਪਸਾਉ ਜੀਉ॥

ਮੈ ਬਹੁੜਿ ਨ ਤ੍ਰਿਸਨਾ ਭੁਖੜੀ

ਹਉ ਰਜਾ ਤ੍ਰਿਪਤ ਅਘਾਇ ਜੀਉ॥

ਉਪਰੋਕਤ ਬਾਣੀ ਪ੍ਰਸੰਗ ਇਸ ਗੱਲ ਦਾ ਪ੍ਰਗਟਾਅ ਹੈ ਕਿ ਧਰਮ ਗ੍ਰੰਥ ਅਸਲ ਵਿਚ ਧਰਮ ਦੇ ਬਾਨੀਆਂ 'ਤੇ ਉਤਰੇ ਰੱਬੀ ਬੋਲਾਂ ਦਾ ਖ਼ਜ਼ਾਨਾ ਹੀ ਹੁੰਦੇ ਹਨ। ਪੈਗ਼ੰਬਰ ਜਾਂ ਧਰਮ ਬਾਨੀ ਰੱਬੀ ਸ਼ਬਦ ਦੇ ਵਾਹਕ ਵਜੋਂ ਕਾਰਜ ਕਰਦੇ ਹਨ।

ਦੁਨੀਆਂ ਭਰ ਦੇ ਪ੍ਰਾਚੀਨ ਧਰਮ ਯਹੂਦੀ, ਇਸਾਈ, ਇਸਲਾਮ ਜਾਂ ਹਿੰਦੂ ਧਰਮ ਆਦਿ ਦੇ ਇਤਿਹਾਸ ਵੱਲ ਜੇਕਰ ਨਿਗਾਹ ਮਾਰੀਏ ਜਾਂ ਇਨ੍ਹਾਂ ਧਰਮਾਂ ਦੇ ਧਰਮ ਗ੍ਰੰਥਾਂ ਨਾਲ ਰੂਬਰੂ ਹੋਈਏ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਉਪਰੋਕਤ ਸ਼ਬਦਾਂ ਦੀ ਪੁਸ਼ਟੀ ਹੁੰਦੀ ਹੈ ਕਿ ਪਰਮੇਸ਼ਵਰ ਨੇ ਖ਼ੁਦ ਵੱਖ–ਵੱਖ ਸਮੇਂ ਵਿਚ ਇਨ੍ਹਾਂ ਧਰਮਾਂ ਦੇ ਪੈਗ਼ੰਬਰਾਂ ਰਾਹੀਂ ਆਪਣੇ 'ਦੈਵੀ ਬਚਨ' ਧਰਤਿ ਲੋਕਾਈ ਲਈ ਭੇਜੇ।

ਇਹ ਕਾਰਜ ਭਾਵੇਂ ਯਹੂਦੀ ਧਰਮ ਦੇ ਪੈਗ਼ੰਬਰ ਅਬਰਾਹਮ ਜਾਂ ਮੋਜ਼ਿਜ਼ ਰਾਹੀਂ ਕੀਤਾ ਗਿਆ ਹੋਵੇ, ਇਸਾਈ ਧਰਮ ਦੇ ਪੈਗ਼ੰਬਰ ਯਿਸੂ ਰਾਹੀਂ ਜਾਂ ਇਸਲਾਮ ਧਰਮ ਦੇ ਬਾਨੀ ਮੁਹੰਮਦ ਸਾਹਿਬ ਰਾਹੀਂ। ਪੂਰਬੀ ਧਰਮਾਂ ਵਿੱਚ ਉਹ ਭਾਵੇਂ ਹਿੰਦੂ ਧਰਮ ਦੇ ਰਿਸ਼ੀਆਂ ਨੇ ਦ੍ਰਿਸ਼ਟਾਂ ਰੂਪ ਵਿੱਚ ਵੇਖਿਆ ਹੋਵੇ ਜਾਂ ਮਹਾਵੀਰ ਜੈਨ ਅਤੇ ਮਹਾਤਮਾ ਬੁੱਧ ਨੇ 'ਸੱਚ' ਦੇ ਰੂਪ ਵਿੱਚ। ਬੇਸ਼ੱਕ ਜੈਨ ਧਰਮ ਅਤੇ ਬੁੱਧ ਧਰਮ ਅਕਾਲ ਪੁਰਖ ਦੀ ਸ਼ਕਤੀ ਵਿਚ ਅਵਿਸ਼ਵਾਸ ਦੇ ਧਾਰਨੀ ਹਨ ਪਰ ਕਿਸੇ ਰਹੱਸਮਈ ਗਿਆਨ ਨਾਲ ਸ਼ਰਸਾਰ ਹੋਣ ਦੇ ਸੰਕਲਪ ਵਿੱਚ ਇਨ੍ਹਾਂ ਦਾ ਪੂਰਨ ਵਿਸ਼ਵਾਸ ਹੈ। ਇਹੀ ਰਹੱਸਮਈ ਗਿਆਨ ਉਸ ਵੇਲੇ ਤੋਂ ਲੈ ਕੇ ਹੁਣ ਤੱਕ ਲੋਕਾਈ ਦੇ ਭਲੇ ਹਿਤ, ਧਰਮ ਗ੍ਰੰਥਾਂ ਦੇ ਰੂਪ ਵਿੱਚ ਕਾਰਜ ਕਰ ਰਿਹਾ ਹੈ।

ਧਰਮ ਗ੍ਰੰਥਾਂ ਨੂੰ ਇਸੇ ਕਰਕੇ 'ਬਾਰਸ਼ੇ ਰਹਿਮਤ' ਦੀ ਸੰਗਿਆ ਨਾਲ ਵੀ ਨਿਵਾਜਿਆ ਜਾਂਦਾ ਹੈ। ਕਿਉਂਕਿ ਇਲਾਹੀ ਰਹਿਮਤ, ਪੈਗ਼ੰਬਰਾਂ ਜਾਂ ਧਰਮ ਬਾਨੀਆਂ 'ਤੇ ਉਤਰਦੀ ਹੈ ਅਤੇ ਇਹ ਰਹਿਮਤ ਸ਼ਬਦੀ ਰੂਪ ਧਾਰਨ ਕਰ ਦੁਨੀਆਂ ਵਿੱਚ ਫੈਲੀ ਕਾਲੀ ਬੋਲੀ ਰਾਤ ਦਾ ਖ਼ਾਤਮਾ ਕਰਕੇ ਨਵੇਂ ਸੱਚ ਦੇ ਪ੍ਰਕਾਸ਼ ਨਾਲ ਸੰਸਾਰ ਨੂੰ ਰੂਪਮਾਨ ਕਰ ਦਿੰਦੀ ਹੈ। ਸੋ ਸਪਸ਼ਟ ਹੈ ਕਿ ਧਰਮ ਗ੍ਰੰਥ ਸੰਸਾਰ ਰੂਪੀ ਮਾਰੂਥਲਾਂ ਦੀ ਤਪਸ਼ ਵਿੱਚ ਭੁੱਜ ਰਹੀ ਲੋਕਾਈ ਲਈ ਪਾਣੀ ਦੇ ਠੰਡੇ ਮਿੱਠੇ ਝਰਨਿਆਂ ਵਾਂਗ ਕੰਮ ਹੀ ਨਹੀਂ ਕਰਦੇ ਸਗੋਂ ਠੰਡੀਆਂ ਮਿੱਠੀਆਂ ਛਾਵਾਂ ਬਣ ਕੁਲ ਲੋਕਾਈ ਦਾ ਦਰਦ ਆਪਣੇ ਸੀਨੇ ਲਾ ਉਨ੍ਹਾਂ ਦਾ ਮਾਰਗ ਦਰਸ਼ਨ ਵੀ ਕਰਦੇ ਹਨ।

ਪਿੱਛੇ ਕੀਤੀ ਵਿਸਥਾਰਪੂਰਵਕ ਚਰਚਾ ਵਿਚੋਂ ਜਿਥੇ ਧਰਮ ਗ੍ਰੰਥ ਅਤੇ ਗ੍ਰੰਥ ਦੇ ਫ਼ਰਕ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਉਥੇ ਨਾਲ ਹੀ ਕਿਸੇ ਧਰਮ, ਕੌਮ ਅਤੇ ਖਿੱਤੇ ਵਾਸਤੇ ਧਰਮ ਗ੍ਰੰਥ ਦੀ ਅਹਿਮੀਅਤ ਦੇ ਪ੍ਰਸ਼ਨ ਵੱਲ ਵੀ ਇਸ਼ਾਰਾ ਕਰਨ ਦਾ ਯਤਨ ਕੀਤਾ ਹੈ। ਇਸ ਦੇ ਨਾਲ ਹੀ ਕਿਸੇ ਵੀ ਧਰਮ ਗ੍ਰੰਥ ਦੀ ਕਰਤਾਰੀ ਰਚਨਾ ਵਜੋਂ ਸਥਾਪਤੀ ਲਈ ਪ੍ਰਮੁੱਖ ਧਰਮ ਗ੍ਰੰਥਾਂ ਵਿਚੋ ਕੁਝ ਉਦਾਹਰਨਾਂ ਵੀ ਪੇਸ਼ ਕੀਤੀਆਂ ਹਨ।

1. ਜਦ ਪਵਿਤਰ ਧਰਮ ਗ੍ਰੰਥ ਕੁਲ ਕਾਇਨਾਤ ਦਾ ਪ੍ਰਾਣ ਕੇਂਦਰ ਹਨ ਤਾਂ ਸਿੱਖ ਧਰਮ ਦੇ ਸੰਸਾਰੀ ਪ੍ਰਗਟਾਂ ਤੋਂ ਪਹਿਲਾਂ ਦੀ ਕੁਲ ਪੈਗੰਬਰੀ ਅਜ਼ਮਤ ਨੇ ਇਸ ਰੱਬੀ ਆਵੇਸ਼ ਨੂੰ ਲਿਪੀਬੱਧ ਕਿਉਂ ਨਾ ਕੀਤਾ ਅਤੇ ਇਯ ਸਰੂਪ ਨੂੰ ਮੌਖਿਕ ਕਿਉਂ ਰੱਖਿਆ।

2. ਗੁਰੂ ਨਾਨਕ ਪਾਤਸ਼ਾਹ ਨੇ ਪਰੰਪਰਾਗਤ ਮੌਖਿਕ ਰਵਾਇਤ ਤੋਂ ਹਟ ਕੇ ਸਰਬ ਪ੍ਰਥਮ ਆਪਣੀ ਬਾਣੀ ਨੂੰ ਲਿਪੀਬੱਧ ਕਿਉਂ ਕੀਤਾ ਅਤੇ ਕੁਲ ਦੁਨੀਆਂ ਦੀ ਪੈਗ਼ੰਬਰੀ ਲੜੀ(ਜਾਂ ਧਰਮ ਬਾਨੀ) ਵਿੱਚ ਪਹਿਲੇ ਲੇਖਕ ਵਜੋ ਆਪਣੀ ਸਥਾਪਤੀ ਕਰਨ ਪਿੱਛੇ ਕੀ ਭਾਵਨਾ ਸੀ।

3. ਮੌਖਿਕ ਪਰੰਪਰਾ ਵਿਚ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਸਨ, ਜਿਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਨੀਝ ਨਾਲ ਵੇਖਿਆ ਅਤੇ ਉਹਨਾਂ ਸਮੱਸਿਆਵਾਂ ਤੋਂ ਬਚਣ ਅਤੇ ਸਦੈਵ ਸਮਿਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਨੂੰ ਕਿੰਤੂ ਮੁਕਤ ਕਰਨ ਲਈ ਖ਼ੁਦ ਆਪਣੀ ਬਾਣੀ ਨੂੰ ਕੇਵਲ ਲਿਖਿਆ ਹੀ ਨਹੀਂ ਸਗੋਂ ਉਸਦੀ ਸੰਪਾਦਨ ਪ੍ਰਕਿਰਿਆ ਵੀ ਆਪਣੇ ਹੱਥੀਂ ਸ਼ੁਰੂ ਕਰ ਦਿੱਤੀ।

ਜੇਕਰ ਅਸੀਂ ਪਵਿਤਰ ਬਾਣੀ ਨੂੰ ਮੌਖਿਕ ਰੱਖਣ ਦੇ ਵਿਸ਼ਵਾਸ ਦਾ ਅਧਿਐਨ ਕਰ ਲਈਏ ਤਾਂ ਆਪ ਮੁਹਾਰੇ ਹੀ ਇਕ ਤੇ ਮੌਖਿਕ ਪਰੰਪਰਾ ਨੇ ਜੋ 'ਧੁਰ ਕੀ ਬਾਣੀ' ਨਾਲ ਖਿਲਵਾੜ ਕੀਤਾ, ਉਸ ਦਾ ਉਤਰ ਸਪੱਸ਼ਟ ਹੋ ਜਾਵੇਗਾ, ਦੂਸਰਾ ਸਿੱਖ ਧਰਮ ਦੇ ਬਾਨੀਆਂ ਵੱਲੋਂ 'ਧੁਰ ਕੀ ਬਾਣੀ' ਲਈ ਲਿਖਤ ਪਰੰਪਰਾ ਨੂੰ ਸ਼ੁਰੂ ਕਰਨ ਦਾ ਪ੍ਰਸੰਗ ਵੀ ਸਾਹਮਣੇ ਆ ਜਾਵੇਗਾ ਜੋ ਇਹ ਸਪੱਸ਼ਟ ਕਰ ਦੇਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਦਾ ਪ੍ਰਸ਼ਨ ਤਰਕ ਸੰਗਤ ਹੈ ਜਾਂ ਨਹੀਂ।

ਮੇਰੇ ਸਾਹਮਣੇ ਤਿੰਨ ਥੀਸਿਸਾਂ ਦਾ ਨਿਚੋੜ ਹੈ ਜੋ ਕੁਲ ਸੰਸਾਰ ਵਿਚ ਪੈਦਾ ਹੋਈਆਂ ਸਮੱਸਿਆਵਾਂ ਲਈ ਮੌਖਿਕ ਪਰੰਪਰਾ ਨੂੰ ਦੋਸ਼ੀ ਵੀ ਗਰਦਾਨਦੇ ਹਨ ਅਤੇ ਉਸ ਪਰੰਪਰਾ ਨੂੰ ਰੱਦ ਕਰਦੇ ਹੋਏ ਇਸ ਨੂੰ ਸਮੱਸਿਆ ਪੈਦਾ ਕਰਨ ਵਾਲੇ ਸੰਕਲਪ ਵਜੋਂ ਵਪ ਤਸੱਵਰ ਕਰਦੇ ਹਨ। ਪੁਸ਼ਟੀ ਹਿਤ ਦਿੱਤੀ ਜਾ ਰਹੀ ਉਦਾਹਰਨ ਵਿਚ ਇਕ ਦਾਰਸ਼ਨਿਕ ਹੈ, ਇਕ ਵਿਗਿਆਨੀ ਅਤੇ ਇਕ ਪੈਗ਼ੰਬਰੀ ਅਜ਼ਮਤ।

ਹਿਰਾਕਲੀਟਸ ਸੁਪ੍ਰਸਿਧ ਗਰੀਕ ਦਾਰਸ਼ਨਿਕ, ਸੁਕਰਾਤ ਦੇ ਸਕੂਲ ਦਾ ਵਿਦਿਆਰਥੀ, ਚਿੰਨ੍ਹਾਤਮਕ ਰੂਪ ਵਿਚ ਮੌਖਿਕ ਰਵਾਇਤ ਦੇ ਪਵਿੱਤਰਤਾ ਵਾਲੇ ਵਿਸ਼ਵਾਸ ਨੂੰ ਮੂਲ ਰੂਪ ਵਿੱਚ ਰੱਦ ਕਰਦਿਆਂ ਲਿਖਦਾ ਹੈ:

"ਜਦ ਮੈਂ ਪਹਿਲਾਂ ਪੈਰ ਦਰਿਆ ਵਿਚ ਰੱਖਿਆ, ਦੂਜਾ ਪੈਰ ਰੱਖਣ ਤੋਂ ਪਹਿਲਾਂ ਦਰਿਆ ਬਦਲ ਚੁੱਕਾ ਸੀ।"

ਹਿਰਾਕਲੀਟਸ ਦੇ ਥੀਸਿਸ ਦਾ ਇਹ ਨਿਚੋੜ ਵੱਡੇ ਧਿਆਨ ਦੀ ਮੰਗ ਕਰਦਾ ਹੈ। ਉਸਦੇ ਚਿੰਨ੍ਹ ਵਜੋਂ ਵਰਤੇ ਸ਼ਬਦਾਂ ਦੀਆਂ ਬਰੈਕਟਾਂ ਹਟਾ ਦਿੱਤੀਆਂ ਜਾਣ ਤਾਂ ਸਪਸ਼ਟ ਹੈ ਕਿ ਪਹਿਲਾ ਪੈਰ ਰੱਖਣ ਤੋਂ ਬਾਅਦ ਅਗਲੇ ਪਲ ਵਿਚ ਦੂਜਾ ਪੈਰ ਰੱਖੇ ਜਾਣ ਦੇ ਸਮੇਂ ਤੱਕ ਜੇਕਰ ਦਰਿਆ ਬਦਲ ਗਿਆ ਤਾਂ ਫਿਰ ਹਜ਼ਾਰਾਂ ਸਾਲ ਤੁਸੀਂ ਕਿਸੇ ਫਲਸਫੇ ਨੂੰ ਮੌਖਿਕ ਰੱਖਕੇ ਉਸ ਤੋਂ ਪਵਿੱਤਰਤਾ ਦੀ ਆਸ ਕਿਵੇਂ ਰੱਖ ਸਕਦੇ ਹੋ ਜਾਂ ਉਸ ਵਿਚ ਹੋਣ ਵਾਲੇ ਜਮਾ ਘਟਾਓ ਨੂੰ ਕਿਵੇਂ ਰੋਕ ਸਕਦੇ ਹੋ?

ਹਿਰਾਕਲੀਟਸ ਦੇ ਉਪਰੋਕਤ ਥੀਸਿਸ ਉਪਰ ਪ੍ਰਸਿੱਧ ਵਿਗਿਆਨੀ ਕਾਪਰਨੀਕਸ ਨੇ ਟਿੱਪਣੀ ਕਰਦੇ ਹੋਏ ਉਸ ਦੇ ਹੋਰ ਵੀ ਸੂਖ਼ਮ ਰੂਪ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਉਸਨੇ ਹਿਰਾਕਲੀਟਸ ਨੂੰ ਸੰਬੋਧਤ ਹੁੰਦੇ ਕਿਹਾ ਕਿ, "ਮਹਾਨ ਦਾਰਸ਼ਨਿਕ ਹਿਰਾਕਲੀਟਸ! ਜਦੋਂ ਤੂੰ ਪਹਿਲਾ ਪੈਰ ਦਰਿਆ ਵਿਚ ਰੱਖਿਆ, ਦੂਜਾ ਪੈਰ ਰੱਖਣ ਤੋਂ ਪਹਿਲਾਂ ਕੇਵਲ ਦਰਿਆ ਹੀ ਨਹੀਂ ਸੀ ਬਦਲਿਆ ਸਗੋਂ ਤੂੰ ਖ਼ੁਦ ਵੀ ਬਦਲ ਚੁੱਕਾ ਸੀ। " ਸਪੱਸ਼ਟ ਹੈ ਕਿ ਉਪਰੋਕਤ ਥੀਸਿਸ ਮੌਖਿਕ ਪਰੰਪਰਾ 'ਤੇ ਹੋਰ ਵੀ ਟੇਢਾ ਅਤੇ ਗਹਿਰ ਗੰਭੀਰ ਪ੍ਰਸ਼ਨ ਚਿੰਨ੍ਹ ਹੈ ਜਿਸਨੂੰ ਕਾਪਰਨੀਕਸ ਰੱਦ ਕਰ ਰਿਹਾ ਹੈ।

ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਮਨੁੱਖੀ ਬਿਰਤੀ ਦੇ ਪਲ ਪਲ ਵਿਚ ਬਦਲਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਜਦੋਂ ਬਿਰਤੀ ਬਦਲਦੀ ਹੈ, ਪਹਿਲੇ ਥੀਸਿਸ ਦੀ ਭਾਵਨਾਂ ਤ੍ਰੇੜੀ ਹੋਏ ਬਿਨਾਂ ਰਹਿ ਹੀ ਨਹੀਂ ਸਕਦੀ।

ਤੀਸਰਾ ਕਥਨ ਪੈਗ਼ੰਬਰੀ ਅਜ਼ਮਤ ਦਾ ਹੈ ਅਤੇ ਇਹ ਪੈਗ਼ੰਬਰੀ ਅਜ਼ਮਤ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਹਨ। ਉਨ੍ਹਾਂ ਦੀ ਬਾਣੀ ਵਿਚ ਆਇਆ ਇਹ ਮਹਾਂਵਾਕ ਮੌਖਿਕ ਪਰੰਪਰਾ ਨੂੰ ਮੁੱਢੋਂ ਹੀ ਰੱਦ ਕਰ ਦਿੰਦਾ ਹੈ। ਪਵਿੱਤਰ ਬੋਲ ਹਨ:

ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥

ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥

## 1.8 ਸਾਰ

ਸਪੱਸ਼ਟ ਹੈ ਕਿ ਮੌਖਿਕ ਰੂਪ ਵਿਚ ਬਦਲਾਅ ਦੀ ਸੰਭਾਵਨਾ ਨੂੰ ਕਿਸੇ ਵੀ ਹਾਲਤ ਵਿਚ ਰੋਕਿਆ ਹੀ ਨਹੀਂ ਜਾ ਸਕਦਾ। ਸੋ ਨਿਸ਼ਚਿਤ ਹੈ ਕਿ ਇਸ ਬਦਲਾਅ ਨਾਲ ਪਵਿੱਤਰ ਪ੍ਰਵਚਨਾਂ ਵਿਚ ਵੱਡੇ ਫੇਰ ਬਦਲ ਹੋਏ ਹੋਣਗੇ। ਫਲਸਰੂਪ ਧਰਮ ਅਤੇ ਧਰਮ ਗ੍ਰੰਥ ਦੇ ਖੇਤਰ ਨੂੰ ਕਿੰਤੂਆਂ ਪ੍ਰੰਤੂਆਂ ਦਾ ਸਾਹਮਣਾ ਤਾਂ ਜ਼ਿੰਦਗੀ ਭਰ ਕਰਨਾ ਹੀ ਪਵੇਗਾ ਪਰ ਸਿੱਖ ਪੈਗ਼ੰਬਰੀ ਅਜ਼ਮਤ ਨੇ ਜ਼ਰੂਰ ਹੀ ਨੀਝ ਨਾਲ ਉਪਰੋਕਤ ਸਮੱਸਿਆ ਦਾ ਮੰਥਨ ਕੀਤਾ ਹੋਵੇਗਾ ਅਤੇ ਤਾਂ ਹੀ ਮੌਖਿਕ ਨੂੰ ਰੱਦ ਕੇ ਲਿਖਤ ਨੂੰ ਅੰਗੀਕਾਰ ਕੀਤਾ ਹੋਵੇਗਾ।

**ਸਰਟੀਫਿਕੇਟ ਕੋਰਸ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼**

---

## ਪੇਪਰ: ਗ੍ਰੰਥ ਅਤੇ ਧਰਮ ਗ੍ਰੰਥ

---

## ਗੁਰੂ ਨਾਨਕ ਦੇਵ ਜੀ: ਇਕ ਪੈਗੰਬਰ ਵਜੋਂ (Guru Nanak - The founder of Sikhism)

---

**Structure**

1.0 ਉਦੇਸ਼

1.1 ਜਾਣ-ਪਛਾਣ

1.2 ਜੀਵਨ

1.3 ਬਚਪਣ ਤੇ ਸਿੱਖਿਆ

1.4 ਵਿਆਹ

1.5 ਸੰਸਾਰਕ ਕੰਮਾਂ ਤੋਂ ਉਪਰਾਮਤਾ

1.6 ਤਲਵੰਡੀ ਤੋਂ ਸੁਲਤਾਨਪੁਰ ਲੋਧੀ

1.7 ਗਿਆਨ ਪ੍ਰਾਪਤ

1.8 ਉਦਾਸੀਆਂ

1.8.1 ਪਹਿਲੀ ਉਦਾਸੀ

1.8.2 ਦੂਸਰੀ ਉਦਾਸੀ

1.8.3 ਤੀਸਰੀ ਉਦਾਸੀ

1.8.4 ਚੌਥੀ ਉਦਾਸੀ

1.9 ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ

1.9.1 ਰੱਬ ਇਕ ਹੈ

1.9.2 ਨਾਮ ਦੀ ਮਹੱਤਤਾ

1.9.3 ਮਾਨਵਤਾ ਦਾ **ਪਿ**ਆਰ

1.9.4 ਸੰਨਿਆਸ ਦਾ **ਵਿ**ਰੋਧ

1.9.5 ਜਾਤ ਪਾਤ ਦਾ **ਵਿ**ਰੋਧ

1.9.6 ਰਾਜਸੀ ਤਾਕਤਾਂ ਨੂੰ ਵੰਗਾਰ

1.9.7 ਇਸਤਰੀ ਦੀ ਸਤਕਾਰ

1.9.8 ਪੁਰੋਹਿਤ ਵਰਗ ਦਾ ਖੰਡਨ

1.9.9 ਮੂਰਤੀ ਪੂਜਾ ਦਾ ਖੰਡਨ

1.9.10 ਹੁਕਮ

1.10 ਮਹੱਤਵ

1.11ਸਾਰ

1.0 **ਉਦੇਸ਼**

ਇਸ ਅਧਿਆਇ ਦਾ ਉਦੇਸ਼ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਨੂੰ ਖੋਜਾਰਥੀਆਂ, ਪਾਠਕਾਂ ਅਤੇ ਜਨ ਸਧਾਰਨ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਤਾਂ ਜੋ ਗੁਰੂ ਪਾਤਸ਼ਾਹ ਦੇ ਦਸੇ ਰਾਹ 'ਤੇ ਚਲ ਕੇ ਆਪਣਾ ਆਪ ਸਵਾਰ ਸਕੀਏ।

**1.1ਜਾਣ ਪਛਾਣ**

ਸਿੱਖ ਧਰਮ ਦੇ ਸੰਸਥਾਪਕ ਜਗਤਗੁਰੂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਸ ਸਮੇਂ ਹੋਇਆ ਜਿਸ ਸਮੇਂ ਹਿੰਦੁਸਤਾਨ ਦੀ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਦਸ਼ਾ ਮੂਲੋਂ ਹੀ ਨਿਘਾਰ ਵੱਲ ਚਲੀ ਗਈ ਸੀ। ਉਸ ਸਮੇਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਧਰਤਿ ਵੀ ਵਿਆਕੁਲ ਹੋ ਚੁੱਕੀ ਸੀ ਕਿਉਂਕਿ ਧਰਤਿ 'ਤੇ ਪਾਪ ਕਰਮ ਬਹੁਤ ਜ਼ਿਆਦਾ ਵਧ ਚੁੱਕੇ ਸਨ। ਐਸੇ ਹਾਲਾਤਾਂ ਵਿਚ ਗੁਰੂ ਨਾਨਕ ਦੇਵ ਜੀ ਆਪ ਪਰਮੇਸ਼ਰ ਸਰੂਪ ਧਾਰਨ ਕਰਕੇ ਇਸ ਲੋਕ 'ਤੇ ਆਏ। 15 ਵੀਂ ਈਸਵੀ ਵਿਚ ਜਦੋਂ ਉਨ੍ਹਾਂ ਦਾ ਪ੍ਰਕਾਸ਼ ਹੋਇਆ ਤਾਂ ਧਰਤੀ 'ਤੇ ਹਰ ਪਾਸੇ ਹਾਹਾਕਾਰ ਮੱਚੀ ਹੋਈ ਸੀ। ਲੋਕਾਂ ਵਿਚ ਅੰਧ ਵਿਸ਼ਵਾਸ, ਵਹਿਮ-ਭਰਮ, ਬਹੁਤ ਵਧ ਗਏ ਸਨ। ਕੁਲ ਕਾਇਨਾਤ ਅਗਿਆਨਤਾ ਦੇ

ਹਨੇਰੇ ਵਿਚ ਭਟਕ ਰਹੀ ਸੀ। ਹਰ ਪਾਸੇ ਅਧਰਮ, ਝੂਠ, ਭ੍ਰਿਸ਼ਟਾਚਾਰ ਆਦਿ ਦਾ ਬੋਲਬਾਲਾ ਸੀ। ਅਖੌਤੀ ਉਚੀ ਜਾਤਿ ਵਾਲੇ ਲੋਕ ਨੀਵੀਂ ਜਾਤਿ ਵਾਲੇ ਗ਼ਰੀਬ ਲੋਕਾਂ 'ਤੇ ਅੱਤਿਆਚਾਰ ਕਰ ਰਹੇ ਸਨ। ਇਸਤਰੀਆਂ ਦੀ ਹਾਲਤ ਤਾਂ ਹੋਰ ਵੀ ਨਾਜ਼ੁਕ ਸੀ ਕਿਉਂਕਿ ਇਸਤਰੀ ਨੂੰ ਉਸ ਸਮੇਂ ਪੈਰ ਦੀ ਜੁੱਤੀ ਆਦਿ ਸਮਝਿਆ ਜਾਂਦਾ ਸੀ। ਧਰਮ ਤਾਂ ਕੇਵਲ ਨਾ ਮਾਤਰ ਹੀ ਸੀ, ਧਰਮ ਦੀ ਆੜ ਹੇਠ ਬੜੇ ਤਰ੍ਹਾਂ ਦੇ ਪਾਖੰਡ, ਆਡੰਬਰ ਆਦਿ ਕੀਤੇ ਜਾ ਰਹੇ ਸਨ। ਰਾਜੇ ਲੋਕ ਪਰਜਾ 'ਤੇ ਹੀ ਅੱਤਿਆਚਾਰ ਕਰ ਰਹੇ ਸਨ। ਉਹ ਜ਼ੁਲਮ ਨੂੰ ਰੋਕਣ ਦੀ ਬਜਾਏ ਖ਼ੁਦ ਜਨਤਾ 'ਤੇ ਜ਼ੁਲਮ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਭਟਕਦੀ ਹੋਈ ਲੋਕਾਈ ਨੂੰ ਸੱਚ ਦਾ ਰਾਹ ਦਿੰਦਿਆਂ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਸੱਚ ਦਾ ਮਾਰਗ ਦਿਖਾਇਆ। ਉਨ੍ਹਾਂ ਨੇ ਸਭਨਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਸਤਿਨਾਮ ਦਾ ਮੰਤਰ ਦ੍ਰਿੜਾਇਆ। ਸਤਿਗੁਰੂ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਮਿੱਠੀ ਬਾਣੀ ਕਾਰਨ ਕੁੱਲ ਦੁਨੀਆਂ ਵਿਚ ਹਰ ਇਕ ਥਾਂ ਉਨ੍ਹਾਂ ਦੇ ਸ਼ਰਧਾਲੂ, ਸਿੱਖ ਸੇਵਕ ਬਣ ਗਏ। ਗੁਰੂ ਨਾਨਕ ਦੇਵ ਜੀ ਇਕ ਮਹਾਨ ਸਮਾਜ ਸੁਧਾਰਕ, ਕ੍ਰਾਂਤੀਕਾਰੀ ਹੋਏ ਹਨ, ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਵ ਇਤਿਹਾਸ ਵਿਚ ਇਕ ਵੱਡਾ ਸਥਾਨ ਪ੍ਰਾਪਤ ਹੈ।

**1.2 <u>ਜੀਵਨ</u>**

ਗੁਰੂ ਨਾਨਕ ਦੇਵ ਦੇ ਜੀਵਨ ਕਾਲ ਨੂੰ ਕੁੱਲ ਤਿੰਨ ਹਿੱਸਿਆਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ। ਪਹਿਲਾ ਹਿੱਸਾ 1469 ਈ. ਤੋਂ 1499 ਈਸਵੀ ਤਕ, ਜਿਸ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਤੋਂ ਲੈ ਕੇ ਮੁੱਢਲੀ ਸਿੱਖਿਆ, ਤਾਲੀਮ, ਬੇਬੇ ਨਾਨਕੀ ਜੀ ਪਾਸ ਸੁਲਤਾਨਪੁਰ ਜਾਣਾ ਆਦਿ ਦਾ ਵਰਣਨ ਹੈ। ਦੂਸਰਾ ਹਿਸਾ 1499 ਈ. ਤੋਂ 1521 ਈ. ਤਕ ਉਦਾਸੀਆਂ ਦਾ ਸਮਾਂ ਅਤੇ ਤੀਸਰਾ 1521 ਈ. ਤੋਂ 1539 ਈਸਵੀ ਤੱਕ ਦਾ ਆਖਰੀ ਸਮਾਂ ਕਰਤਾਰਪੁਰ ਸਾਹਿਬ ਵਿਖੇ ਬਿਤਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 1469 ਈਸਵੀ ਨੂੰ ਰਾਇ ਭੋਇ ਦੀ ਤਲਵੰਡੀ ਜਿਸ ਨੂੰ ਕਿ ਹੁਣ ਨਨਕਾਣਾ ਸਾਹਿਬ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਕਲਿਆਣ ਦਾਸ ਸੀ। ਜਿਸ ਨੂੰ ਪਿਆਰ ਨਾਲ ਬਾਬਾ ਕਾਲੂ ਜੀ ਵੀ ਕਿਹਾ ਜਾਂਦਾ ਸੀ ਅਤੇ ਮਾਤਾ ਜੀ ਦਾ ਨਾਮ ਤ੍ਰਿਪਤਾ ਜੀ ਸੀ। ਆਪ ਜੀ ਦੀ ਇਕ ਭੈਣ ਵੀ ਸੀ। ਜਿਸ ਦਾ ਨਾਮ ਬੇਬੇ ਨਾਨਕੀ ਸੀ। ਬੇਬੇ ਨਾਨਕੀ ਜੀ ਆਪ ਤੋਂ 5 ਕੁ ਸਾਲ ਵੱਡੇ ਸਨ। ਆਪ ਜੀ ਆਪਣੀ ਭੈਣ ਨੂੰ 'ਬੇਬੇ' ਸ਼ਬਦ ਨਾਲ ਸੰਬੋਧਤ ਹੁੰਦੇ ਸਨ। ਬੇਬੇ ਨਾਨਕੀ ਜੀ ਪਹਿਲੇ ਸਿੱਖ ਸਨ ਜਿਨ੍ਹਾਂ ਨੇ ਆਪਣੇ ਵੀਰ ਨਾਨਕ ਨੂੰ ਰੱਬੀ ਜੋਤ ਦੇ ਰੂਪ ਵਿਚ

ਪਹਿਚਾਣਿਆ। ਬੇਬੇ ਨਾਨਕੀ ਦਾ ਵਿਆਹ ਸੁਲਤਾਨਪੁਰ ਲੋਧੀ ਵਿਖੇ ਭਾਈ ਜੈ ਰਾਮ ਜੀ ਨਾਲ ਹੋਇਆ ਅਤੇ ਇੱਥੇ ਹੀ ਗੁਰੂ ਨਾਨਕ ਦੇਵ ਜੀ ਨੇ ਮੋਦੀ ਦਾ ਕੰਮ ਕੀਤਾ।

**1.3 ਬਚਪਨ ਤੇ ਸਿੱਖਿਆ**

ਗੁਰੂ ਨਾਨਕ ਦੇਵ ਜੀ ਬਚਪਨ ਤੋ ਹੀ ਬੜੇ ਗੰਭੀਰ ਅਤੇ ਵਿਚਾਰਸ਼ੀਲ ਸੁਭਾਅ ਦੇ ਮਾਲਕ ਸਨ। ਆਪ ਜੀ ਦਾ ਝੁਕਾਅ ਖੇਡਾਂ ਵੱਲ ਘੱਟ ਤੇ ਪਰਮਾਤਮਾ ਦੀ  ਭਗਤੀ ਵੱਲ ਜ਼ਿਆਦਾ ਸੀ। ਅਕਸਰ ਆਪਣੇ ਵਿਚਾਰਾਂ ਵਿਚ ਹੀ ਮਗਨ ਰਹਿੰਦੇ ਸਨ। ਆਪਜੀ ਨੂੰ 7 ਸਾਲ ਦੀ ਉਮਰ ਵਿਚ ਪੰਡਤ ਗੋਪਾਲ ਜੀ ਪਾਸ ਹਿੰਦੀ ਅਤੇ ਗਣਿਤ ਦੀ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ। ਗੁਰੂ ਜੀ ਨੇ ਆਪਣੇ ਅਧਿਆਤਮਕ ਗਿਆਨ ਨਾਲ ਪੰਡਿਤ ਗੋਪਾਲ ਨੂੰ ਹੈਰਾਨ ਕਰ ਦਿੱਤਾ। ਇਸ ਤੋਂ ਬਾਅਦ ਗੁਰੂ ਜੀ ਨੇ ਪੰਡਤ ਬ੍ਰਿਜਨਾਥ ਤੋਂ ਸੰਸਕ੍ਰਿਤ ਅਤੇ ਮੌਲਵੀ ਕੁਤਬੁਦੀਨ ਤੋਂ ਫ਼ਾਰਸੀ ਅਤੇ ਅਰਬੀ ਦਾ ਗਿਆਨ ਹਾਸਲ ਕੀਤਾ। ਗੁਰੂ ਸਾਹਿਬ ਪੜ੍ਹਾਈ ਵਿਚ ਘੱਟ ਦਿਲਚਸਪੀ ਲੈਂਦੇ ਸਨ। ਉਹ ਸਾਧੂ ਸੰਤਾਂ ਨੂੰ ਮਿਲ ਕੇ ਬਹੁਤ ਖੁਸ਼ ਹੁੰਦੇ ਸਨ। ਜਦੋਂ ਆਪ ਜੀ ਦੀ ਉਮਰ 9 ਸਾਲ ਦੀ ਹੋਈ ਤਾਂ ਪ੍ਰੋਹਤ ਹਰਦਿਆਲ ਨੂੰ ਜਨੇਊ ਪਾਉਣ ਲਈ ਬੁਲਾਇਆ ਪਰ ਗੁਰੂ ਨਾਨਕ ਦੇਵ ਜੀ ਨੇ ਇਹ ਜਨੇਊ ਪਾਉਣ ਤੋਂ ਮੂਲੋਂ ਹੀ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਸਿਰਫ ਦਇਆ, ਸੰਤੋਖ, ਜਤ-ਸਤ ਦਾ ਬਣਿਆ ਹੋਇਆ ਜਨੇਊ ਹੀ ਪਾਉਣਗੇ। ਜਿਹੜਾ ਨਾ ਟੁੱਟੇ, ਨਾ ਸੜੇ, ਨਾ ਗਲੇ ਤੇ ਨਾ ਹੀ ਮੈਲਾ ਹੋਵੇ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥  ਗੁਰੂ ਗ੍ਰੰਥ ਸਾਹਿਬ - ਅੰਗ੪੭੧

**1.4 ਵਿਆਹ**

ਗੁਰੂ ਨਾਨਕ ਦੇਵ ਜੀ ਦਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋਇਆ। ਉਸ ਸਮੇਂ ਆਪ ਜੀ ਦੀ ਉਮਰ 14 ਸਾਲ ਦੀ ਸੀ। ਸਮੇਂ ਦੇ ਨਾਲ ਆਪ ਦੇ ਘਰ ਦੋ ਪੁੱਤਰ ਸ੍ਰੀਚੰਦ ਅਤੇ ਲਖਮੀ ਦਾਸ

ਨੇ ਜਨਮ ਲਿਆ। ਵਿਆਹੁਤਾ ਜੀਵਨ ਦੀਆਂ ਜ਼ਿੰਮੇਵਾਰੀਆਂ ਵੀ ਗੁਰੂ ਸਾਹਿਬ ਨੂੰ ਅਧਿਆਤਮਕ ਮਾਰਗ ਤੋਂ ਨਾ ਹਟਾ ਸਕੀਆਂ।

### 1.5 ਸੰਸਾਰਕ ਕੰਮਾਂ ਤੋਂ ਉਪਰਾਮਤਾ

ਪਿਤਾ ਮਹਿਤਾ ਕਾਲੂ ਜੀ ਜਦੋਂ ਆਪ ਜੀ ਨੂੰ ਪਰਮਾਤਮਾ ਦੀ ਬੰਦਗੀ ਵਿਚ ਲੀਨ ਹੋਏ ਦੇਖਦੇ ਤਾਂ ਉਹ ਚਿੰਤਾਤੁਰ ਵੀ ਹੁੰਦੇ ਕਿਉਂਕਿ ਉਹ ਸੰਸਾਰੀ ਬਿਰਤੀ ਹੋਣ ਕਾਰਨ ਇਹ ਸੋਚਦੇ ਸਨ ਕਿ ਜੇਕਰ ਨਾਨਕ ਨੇ ਕੋਈ ਕਮਾਈ ਨਾ ਕੀਤੀ ਤਾਂ ਇਹ ਕਿਸ ਤਰ੍ਹਾਂ ਆਪਣਾ ਘਰ ਤੋਰੇਗਾ, ਇਸ ਲਈ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾਂ ਮੱਝਾਂ ਚਾਰਨ ਦਾ ਕੰਮ ਦਿੱਤਾ ਪਰ ਗੁਰੂ ਨਾਨਕ ਦੇਵ ਜੀ  ਪ੍ਰਮਾਤਮਾ ਦੀ ਬੰਦਗੀ ਵਿਚ ਲੀਨ ਰਹਿੰਦੇ। ਮੱਝਾਂ ਆਸੇ ਪਾਸੇ ਕਿਸਾਨਾਂ ਦੇ ਖੇਤਾਂ ਨੂੰ ਉਜਾੜ ਦਿੰਦੀਆਂ ਜਦੋਂ ਪਿਤਾ ਜੀ ਨੇ ਦੇਖਿਆ ਤਾਂ ਇਸ ਕੰਮ ਤੋਂ ਹਟਾ ਕੇ ਆਪ ਜੀ ਨੂੰ ਖੇਤੀਬਾੜੀ ਵਿਚ ਲਾ ਲਿਆ ਪਰ ਆਪ ਜੀ ਨੇ ਉੱਥੇ ਵੀ ਕੋਈ ਬਹੁਤੀ ਦਿਲਚਸਪੀ ਨਾ ਦਿਖਾਈ। ਇਸ ਤੋਂ ਉਪਰੰਤ ਪਿਤਾ ਜੀ ਨੇ ਆਪ ਜੀ ਨੂੰ 20 ਰੁਪਏ ਦੇ ਕਰ ਕੇ ਵਪਾਰ ਕਰਨ ਲਈ ਤੋਰਿਆ ਪਰ ਉੱਥੇ ਵੀ ਆਪ ਜੀ ਨੂੰ ਰਸਤੇ ਵਿਚ ਭੁੱਖੇ ਸਾਧੂਆਂ ਦਾ ਟੋਲਾ ਮਿਲਿਆ ਜਿਨ੍ਹਾਂ ਨੂੰ ਆਪ ਜੀ ਨੇ ਬੜੇ ਪ੍ਰੇਮ ਦੇ ਨਾਲ ਪ੍ਰਸ਼ਾਦਾ ਛਕਾਇਆ। ਸਿੱਖ ਇਤਿਹਾਸ ਵਿਚ ਇਸ ਘਟਨਾ ਨੂੰ ਸੱਚੇ ਸੌਦੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

### 1.6 ਤਲਵੰਡੀ ਤੋਂ ਸੁਲਤਾਨਪੁਰ ਲੋਧੀ

ਆਪ ਜੀ ਦੀ ਉਮਰ ਜਦੋਂ 20 ਵਰ੍ਹਿਆਂ ਦੀ ਹੋਈ ਤਾਂ ਪਿਤਾ ਮਹਿਤਾ ਕਾਲੂ ਜੀ ਨੇ ਆਪ ਜੀ ਨੂੰ ਸੁਲਤਾਨਪੁਰ ਲੋਧੀ ਭਾਈਆ ਜੈ ਰਾਮ ਜੀ ਪਾਸ ਭੇਜ ਦਿੱਤਾ। ਭਾਈਆ ਜੈ ਰਾਮ ਦੀ ਦੌਲਤ ਖ਼ਾਨ ਲੋਧੀ ਦੀ ਨੌਕਰੀ ਵਿਚ ਉੱਚ ਅਧਿਕਾਰੀ ਸਨ। ਉਹਨਾਂ ਦੀ ਸਿਫ਼ਾਰਸ਼ ‘ਤੇ ਆਪ ਜੀ ਨੂੰ ਮੋਦੀ ਖਾਨੇ (ਅੰਨ ਭੰਡਾਰ) ਵਿਚ ਨੌਕਰੀ ਮਿਲ ਗਈ। ਗੁਰੂ ਸਾਹਿਬ ਨੇ ਇਹ ਕੰਮ ਬੜੀ ਯੋਗਤਾ ਨਾਲ ਕੀਤਾ। ਗੁਰੂ ਸਾਹਿਬ ਜੀ ਨੂੰ ਜੋ ਕੁਝ ਪ੍ਰਾਪਤ ਹੁੰਦਾ ਉਹ ਲੋੜਵੰਦਾਂ ਵਿਚ ਵੰਡ ਦਿੰਦੇ।

### 1.7 ਗਿਆਨ ਪ੍ਰਾਪਤ

ਆਪ ਜੀ ਸੁਲਤਾਨਪੁਰ ਲੋਧੀ ਵਿਚ ਰਹਿੰਦੇ ਹੋਏ ਸਵੇਰੇ ਰੋਜ਼ਾਨਾ ਵੇਈਂ ਨਦੀ ਤੇ ਇਸ਼ਨਾਨ ਕਰਨ ਲਈ ਜਾਂਦੇ ਸਨ। ਇਕ ਦਿਨ ਇਸ਼ਨਾਨ ਕਰਨ ਗਏ ਪਰ ਵਾਪਸ ਨਾ ਆਏ। ਇਤਿਹਾਸਕ ਘਟਨਾ ਅਨੁਸਾਰ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿਚ ਪ੍ਰਵੇਸ਼ ਤੋਂ ਬਾਅਦ ਤਿੰਨ ਦਿਨ ਅਲੋਪ ਰਹੇ। ਉਹ ਸੱਚਖੰਡ ਗਏ ਤੇ ਅਕਾਲ ਪੁਰਖ ਤੋਂ ਗਿਆਨ ਪ੍ਰਾਪਤ

ਕਰਕੇ ਫਿਰ ਵਾਪਸ ਸੁਲਤਾਨਪੁਰ ਲੋਧੀ ਹੀ ਉਸੇ ਨਦੀ ਵਿਚੋਂ ਬਾਹਰ ਆਏ ਤੇ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਸਰਬ ਸਾਂਝੀਵਾਲਤਾ ਦਾ ਸੰਦੇਸ਼ ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਲੋਧੀ ਤੋਂ ਦੇ ਕੇ ਅਗਲਾ ਕਾਰਜ/ਵੱਡਾ ਮਿਸ਼ਨ ਆਰੰਭ ਕਰ ਦਿੱਤਾ।

### 1.8 ਉਦਾਸੀਆਂ

ਵੇਈਂ ਨਦੀ ਪ੍ਰਵੇਸ਼ ਤੇ ਸੱਚ ਖੰਡ ਤੋਂ ਗਿਆਨ ਪ੍ਰਾਪਤ ਕਰ ਕੇ ਗੁਰੂ ਨਾਨਕ ਦੇਵ ਜੀ ਬਹੁਤਾ ਸਮਾਂ ਸੁਲਤਾਨਪੁਰ ਲੋਧੀ ਵਿਖੇ ਨਹੀਂ ਰਹੇ ਅਤੇ ਦੇਸ਼ ਵਿਦੇਸ਼ਾਂ ਦੀ ਲੰਬੀ ਯਾਤਰਾ ਲਈ ਨਿਕਲ ਪਏ। ਗੁਰੂ ਨਾਨਕ ਦੇਵ ਜੀ ਨੇ ਲਗਪਗ 21 ਵਰ੍ਹੇ ਇਨ੍ਹਾਂ ਯਾਤਰਾਵਾਂ ਵਿਚ ਬਤੀਤ ਕੀਤੇ। ਸਿੱਖ ਇਤਿਹਾਸ ਵਿਚ ਇਨ੍ਹਾਂ ਯਾਤਰਾਵਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੀ ਕੁੱਲ ਗਿਣਤੀ 4 ਮੰਨੀ ਗਈ ਹੈ ਤੇ ਇਹ ਚਾਰੇ ਉਦਾਸੀਆਂ ਗੁਰੂ ਸਾਹਿਬ ਨੇ ਚਾਰੇ ਦਿਸ਼ਾਵਾਂ ਪੂਰਬ, ਪੱਛਮ, ਉੱਤਰ ਅਤੇ ਦੱਖਣ ਦਿਸ਼ਾਵਾਂ ਵਿਚ ਕੀਤੀਆਂ।

#### 1.8.1 ਪਹਿਲੀ ਉਦਾਸੀ

ਗੁਰੂ ਨਾਨਕ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਨੂੰ ਸੋਧਣ ਹਿੱਤ ਪਹਿਲੀ ਉਦਾਸੀ ਪੂਰਬ ਵੱਲ ਨੂੰ ਆਰੰਭ ਕਰ ਦਿੱਤੀ। ਇਸ ਯਾਤਰਾ ਦੌਰਾਨ ਆਪ ਜੀ ਸਭ ਤੋਂ ਪਹਿਲਾਂ ਕੁਰੂਕਸ਼ੇਤਰ ਦੇ ਸਥਾਨ ਤੇ ਪਹੁੰਚੇ। ਉੱਥੇ ਸੂਰਜ ਦਾ ਗ੍ਰਹਿਣ ਲੱਗਾ ਹੋਇਆ ਸੀ ਤੇ ਕਾਫੀ ਲੋਕ ਇਕੱਤਰ ਸਨ। ਲੋਕ ਮੱਤ ਅਨੁਸਾਰ ਸੂਰਜ ਗ੍ਰਹਿਣ ਮੌਕੇ ਅੱਗ ਨਹੀਂ ਬਾਲੀਦੀ ਸੀ ਤੇ ਨਾਂ ਹੀ ਕੁਝ ਰਿੰਨ੍ਹਿਆ ਜਾ ਸਕਦਾ ਸੀ। ਇਸ ਤਰ੍ਹਾਂ ਦੇ ਵਹਿਮ-ਭਰਮ, ਭੁਲੇਖਿਆਂ ਨੂੰ ਦੂਰ ਕਰਨ ਹਿੱਤ ਗੁਰੂ ਨਾਨਕ ਸਾਹਿਬ ਨੇ ਉੱਥੇ ਅੱਗ ਬਾਲੀ ਅਤੇ ਪਕਵਾਨ ਵੀ ਤਿਆਰ ਕੀਤੇ। ਧੂੰਆਂ ਉਠਦਾ ਦੇਖ ਲੋਕਾਂ ਨੇ ਗੁਰੂ ਨਾਨਕ ਸਾਹਿਬ ਨਾਲ ਲੜਾਈ ਝਗੜੇ ਕੀਤੇ ਅਤੇ ਊਲ ਜਲੂਲ ਵੀ ਬੋਲੇ। ਪਰ ਗੁਰੂ ਸਾਹਿਬ ਜੀ ਨੇ ਆਪਣੇ ਪਵਿੱਤਰ ਅਤੇ ਨਿਰਮਲ ਬਚਨਾਂ ਨਾਲ ਸਭ ਨੂੰ ਚੁੱਪ ਕਰਵਾ ਦਿੱਤਾ। ਆਪ ਜੀ ਦੀਆਂ ਦਲੀਲਾਂ ਅਤੇ ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਲੋਕਾਂ ਨੇ ਗੁਰੂ ਜੀ ਦੀ ਸਿੱਖਿਆ ਨੂੰ ਧਾਰਨ ਕੀਤਾ। ਇੱਥੋਂ ਚੱਲ ਕੇ ਗੁਰੂ ਜੀ ਹਿੰਦੂ ਧਰਮ ਦੇ ਪ੍ਰਸਿੱਧ ਤੀਰਥ ਹਰਿਦੁਆਰ ਪਹੁੰਚੇ। ਹਰਿਦੁਆਰ ਦੇ ਸਥਾਨ 'ਤੇ ਬਹੁਤ ਸਾਰੇ ਹਿੰਦੂ ਲੋਕ ਗੰਗਾ ਵਿਚ ਇਸ਼ਨਾਨ ਕਰ ਰਹੇ ਸਨ ਅਤੇ ਪੂਰਬ ਵੱਲ ਨੂੰ ਪਾਣੀ ਸੁੱਟ ਰਹੇ ਸਨ। ਗੁਰੂ ਜੀ ਬਿਨਾਂ ਕੁਝ ਬੋਲੇ ਪੱਛਮ ਵੱਲ ਮੂੰਹ ਕਰਕੇ ਪਾਣੀ ਸੁੱਟਣ ਲੱਗ ਪਏ। ਗੁਰੂ ਜੀ ਦਾ ਇਹ ਅਜੀਬੋ ਗਰੀਬ ਵਰਤਾਰਾ ਦੇਖ ਕੇ ਲੋਕ ਹੈਰਾਨ ਹੋਏ ਅਤੇ

ਗੁਰੂ ਸਾਹਿਬ ਨੂੰ ਆ ਕੇ ਪੁੱਛਣ ਲੱਗੇ ਕਿ ਤੁਸੀਂ ਪੱਛਮ ਵੱਲ ਨੂੰ ਪਾਣੀ ਕਿਉਂ ਦੇ ਰਹੇ ਹੋ ਤਾਂ ਗੁਰੂ ਜੀ ਨੇ ਕਿਹਾ ਕਿ ਮੇਰੇ ਪੰਜਾਬ ਵਿਚ ਖੇਤ ਸੁੱਕ ਰਹੇ ਹਨ, ਮੈਂ ਉਨ੍ਹਾਂ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ। ਇਹ ਗੱਲ ਸੁਣ ਕੇ ਉਹ ਲੋਕ ਹੈਰਾਨ ਹੋਏ ਤੇ ਹੱਸੇ। ਤੇਰੇ ਖੇਤਾਂ ਨੂੰ ਪਾਣੀ ਕਿਵੇਂ ਪਹੁੰਚ ਸਕਦਾ ਹੈ ਭਾਵ ਨਹੀਂ ਪਹੁੰਚੇਗਾ। ਅੱਗੋਂ ਗੁਰੂ ਸਾਹਿਬ ਨੇ ਕਿਹਾ ਫਿਰ ਤੁਸੀਂ ਪੂਰਬ ਵੱਲ ਨੂੰ ਪਾਣੀ ਕਿਉਂ ਸੁੱਟਦੇ ਹੋ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਪਿੱਤਰਾਂ ਨੂੰ ਪਾਣੀ ਦਿੰਦੇ ਹਾਂ ਤਾਂ ਗੁਰੂ ਨਾਨਕ ਨੇ ਕਿਹਾ ਕਿ ਜੇ ਇੱਥੋਂ ਕੁਝ ਦੂਰੀ 'ਤੇ ਮੇਰੇ ਖੇਤਾਂ ਵਿਚ ਪਾਣੀ ਨਹੀਂ ਪਹੁੰਚ ਸਕਦਾ ਤਾਂ ਤੁਹਾਡੇ ਪਿੱਤਰਾਂ ਦੇ ਕੋਲ ਜੋ ਬਹੁਤ ਦੂਰ ਹੈ, ਪਾਣੀ ਕਿਵੇਂ ਪਹੁੰਚੇਗਾ ਸਤਿਗੁਰਾਂ ਦੀ ਇਹ ਦਲੀਲ ਭਰੀ ਗੱਲ ਸੁਣ ਕੇ ਉਨ੍ਹਾ ਨੇ ਮਨ ਵਿਚੋਂ ਸਾਰੇ ਵਹਿਮ ਭਰਮ ਤਿਆਗ ਦਿੱਤੇ। ਸਤਿਗੁਰਾਂ ਨੂੰ ਨਮਸਕਾਰ ਕੀਤੀ ਅਤੇ ਸਤਿਗੁਰਾਂ ਦੇ ਮੁਰੀਦ ਬਣ ਗਏ।

ਹਰਿਦੁਆਰ ਤੋਂ ਚੱਲ ਕੇ ਆਪ ਜੀ ਜੋਗ ਮੱਤ ਦੇ ਪ੍ਰਮੁੱਖ ਕੇਂਦਰ ਗੋਰਖਮਤਾ ਵਿਖੇ ਪਹੁੰਚੇ। ਜਿੱਥੇ ਆਪ ਜੀ ਦੀ ਚਰਚਾ ਸਿੱਧਾਂ ਦੇ ਨਾਲ ਹੋਈ। ਸਿੱਧ ਆਪ ਜੀ ਤੋਂ ਚਰਚਾ ਵਿਚ ਹਾਰ ਗਏ ਅਤੇ ਗੋਰਖ ਮਤੇ ਦਾ ਨਾਮ ਬਦਲ ਕੇ ਨਾਨਕਮਤਾ ਪ੍ਰਸਿੱਧ ਹੋ ਗਿਆ। ਨਾਨਕਮਤੇ ਤੋਂ ਚੱਲ ਕੇ ਆਪ ਜੀ ਬਨਾਰਸ ਪਹੁੰਚੇ। ਬਨਾਰਸ ਦੇ ਸਥਾਨ 'ਤੇ ਆਪ ਜੀ ਦੀ ਚਰਚਾ ਪੰਡਤ ਚਤੁਰ ਦਾਸ ਨਾਲ ਹੋਈ। ਚਤੁਰ ਦਾਸ ਗੁਰੂ ਜੀ ਅੱਗੇ ਨਿਰਉੱਤਰ ਹੋ ਗਿਆ। ਗੁਰੂ ਨਾਨਕ ਦੇਵ ਜੀ ਨੇ ਬਨਾਰਸ ਵਿਖੇ ਮੌਜੂਦ ਭਗਤ ਕਬੀਰ ਜੀ ਅਤੇ ਰਵਿਦਾਸ ਜੀ ਨਾਲ ਗੋਸ਼ਟ ਕਰਨ ਉਪਰੰਤ ਇਨ੍ਹਾਂ ਦੋਹਾਂ ਭਗਤਾਂ ਦੀ ਰਚਨਾ ਨੂੰ ਆਪਣੇ ਪਾਸ ਸੰਭਾਲ ਲਿਆ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਭਗਤਾਂ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਯੋਗ ਸਥਾਨ ਦਿੱਤਾ। ਬਨਾਰਸ ਤੋਂ ਚੱਲ ਕੇ ਗੁਰੂ ਸਾਹਿਬ ਜੀ ਗਯਾ ਵਿਚੋਂ ਹੁੰਦੇ ਹੋਏ ਪਟਨਾ ਪੁੱਜੇ। ਇਥੇ ਆਪ ਜੀ ਦੀ ਮੁਲਾਕਾਤ ਸਾਲਸ ਰਾਏ ਜੌਹਰੀ ਨਾਲ ਹੋਈ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਇਕ ਕੀਮਤੀ ਰਤਨ ਦੇ ਕੇ ਮੁੱਲ ਪਵਾਉਣ ਲਈ ਭੇਜਿਆ। ਭਾਈ ਮਰਦਾਨਾ ਅਲੱਗ-ਅਲੱਗ ਲੋਕਾਂ ਕੋਲੋਂ ਉਸ ਦਾ ਮੁੱਲ ਪਾਉਂਦਾ ਹੋਇਆ ਸਾਲਸ ਰਾਏ ਜੌਹਰੀ ਕੋਲ ਪਹੁੰਚਿਆ। ਸਾਲਸ ਰਾਏ ਨੇ ਇਸ ਦੀ ਦਰਸ਼ਨੀ ਭੇਟਾ ਹੀ 100 ਰੁਪਏ ਦੇ ਦਿੱਤੀ। ਗੁਰੂ ਜੀ ਨੇ 100 ਰੁਪਏ ਵਾਪਸ ਕਰ ਸਾਲਸ ਰਾਏ ਦੀ ਖੋਟੇ ਖਰੇ ਦੀ ਪਹਿਚਾਣ ਦੀ ਕਦਰ ਕੀਤੀ ਅਤੇ ਗੁਰੂ ਸਾਹਿਬ ਨੇ ਭਾਈ ਸਾਲਸ ਰਾਏ ਨੂੰ ਸਿੱਖ ਧਰਮ ਦਾ ਪ੍ਰਚਾਰਕ ਬਣਾ ਪਟਨਾ ਸਾਹਿਬ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਕਿਹਾ ਅਤੇ ਉਥੇ ਇਕ ਧਰਮਸ਼ਾਲਾ ਵੀ ਬਣਾਈ। ਪਟਨੇ ਤੋਂ ਚੱਲ ਕੇ ਆਪ ਜੀ ਕਾਮਰੂਪ ਪਹੁੰਚੇ। ਅਸਾਮ ਦੇ ਵਿਚ ਨੂਰਸ਼ਾਹ ਜਿਹੀਆਂ ਜਾਦੂਗਰਨੀਆਂ ਨੇ ਆਪ ਨੂੰ ਛਲਣਾ ਚਾਹਿਆ ਪਰ ਸਤਿਗੁਰੂ ਜੀ ਨੇ ਉਨ੍ਹਾਂ ਦੇ ਜਾਦੂ ਨੂੰ ਨਸ਼ਟ ਕਰ

ਉਨ੍ਹਾਂ ਨੂੰ ਸੱਚ ਦਾ ਉਪਦੇਸ਼ ਦੇ ਕਰ ਕੇ ਉੱਥੇ ਧਰਮਸ਼ਾਲਾ ਬਣਾਈ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਅਸਾਮ ਤੋਂ ਚੱਲ ਕੇ ਆਪ ਜੀ ਜਗਨਨਾਥਪੁਰੀ ਦੇ ਪ੍ਰਸਿੱਧ ਤੀਰਥ ਤੇ ਪਹੁੰਚੇ। ਇੱਥੇ ਗੁਰੂ ਸਾਹਿਬ ਜੀ ਨੇ ਪ੍ਰੰਪਰਾਗਤ ਆਰਤੀ ਦੇ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਪਾਂਧਿਆਂ ਦੇ ਪੁੱਛਣ ਤੇ ਆਪ ਜੀ ਨੇ ਪਰਮਾਤਮਾ ਦੀ ਹਰ ਵਕਤ ਹੋ ਰਹੀ ਆਰਤੀ ਨੂੰ ਗਾਇਨ ਕਰਦਿਆਂ ਸ਼ਬਦ ਉਚਾਰਨ ਕੀਤਾ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਹਰਿਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥

ਗੁਰੂ ਗ੍ਰੰਥ ਸਾਹਿਬ - ਅੰਗ੬੬੩

ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਨ ਕੀਤੇ ਗਏ ਬ੍ਰਹਿਮੰਡੀ ਉਪਦੇਸ਼, ਬ੍ਰਹਿਮੰਡੀ ਆਰਤੀ ਨੂੰ ਸੁਣ ਕਰਕੇ ਸਾਰੇ ਪਾਂਡੇ ਨਤਮਸਤਕ ਹੋਏ। ਇਸ ਤਰ੍ਹਾਂ ਗੁਰੂ ਸਾਹਿਬ ਜੀ ਪਹਿਲੀ ਉਦਾਸੀ ਨੂੰ ਸਮਾਪਤ ਕਰਦੇ ਹੋਏ ਜਗਨਨਾਥਪੁਰੀ ਤੋਂ ਵਾਪਸ ਪੰਜਾਬ ਆਏ।

### 1.8.2 ਦੂਸਰੀ ਉਦਾਸੀ

ਕੁਝ ਸਮਾਂ ਪੰਜਾਬ ਰੁਕਣ ਤੋਂ ਬਾਅਦ ਗੁਰੂ ਨਾਨਕ ਸਾਹਿਬ ਨੇ ਆਪਣੀ ਦੂਸਰੀ ਉਦਾਸੀ ਆਰੰਭ ਕੀਤੀ. ਇਸ ਉਦਾਸੀ ਦੌਰਾਨ ਆਪ ਜੀ ਬੀਕਾਨੇਰ ਦੇ ਸਥਾਨ ਤੇ ਜੋ ਜੈਨੀਆਂ ਦਾ ਪ੍ਰਸਿੱਧ ਅਸਥਾਨ ਸੀ ਉੱਥੇ ਪਹੁੰਚੇ। ਜੈਨ ਮੱਤ ਅਨੁਸਾਰ ਜੀਵ ਹੱਤਿਆ ਇਕ ਪਾਪ ਹੈ, ਇਸ ਲਈ ਜੈਨੀ ਜੂਆਂ ਨਹੀਂ ਮਾਰਦੇ, ਇਸ਼ਨਾਨ ਨਹੀਂ ਕਰਦੇ, ਇੱਥੋਂ ਤੱਕ ਕਿ ਆਪਣੀ

ਵਿਸਟਾ ਵਿਚੋਂ ਜੋ ਜੀਵ ਹੁੰਦੇ ਹਨ ਉਨ੍ਹਾਂ ਨੂੰ ਵੀ ਬਚਾਉਂਦੇ ਹਨ। ਉਨ੍ਹਾਂ ਦੇ ਇਸ ਕਰਮ ਨੂੰ ਦੇਖ ਕੇ ਗੁਰੂ ਨਾਨਕ ਦੇਵ ਨੇ 'ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ' ਵਾਲੇ ਲੋਕਾਂ ਨੂੰ ਅਹਿੰਸਾ ਤੇ ਵਹਿਮ ਤੋਂ ਉੱਪਰ ਉੱਠ ਕਰਤਾਰ ਨੂੰ ਕੁਦਰਤ ਵਿਚ ਪਹਿਚਾਨਣ ਅਤੇ ਉਸ ਦੀ ਕੀਰਤੀ ਕਰਨ ਦਾ ਉਪਦੇਸ਼ ਦਿੱਤਾ। ਇਸੇ ਉਦਾਸੀ ਦੌਰਾਨ ਆਪ ਜੀ ਨੂੰ ਕੌਡਾ ਰਾਖਸ਼ ਵੀ ਮਿਲਿਆ ਜੋ ਮਨੁੱਖਾਂ ਨੂੰ ਖਾਂਦਾ ਸੀ। ਜਨਮ ਸਾਖੀਆਂ ਅਨੁਸਾਰ ਕੌਡੇ ਰਾਕਸ਼ ਨੇ ਭਾਈ ਮਰਦਾਨਾ ਜੀ ਨੂੰ ਵੀ ਖਾਣ ਦੀ ਕੋਸ਼ਿਸ਼ ਕੀਤੀ। ਤੇਲ ਦੇ ਕੜਾਹੇ ਵਿਚ ਸਾੜਨ ਵਾਸਤੇ ਭਾਈ ਮਰਦਾਨਾ ਜੀ ਨੂੰ ਪਾ ਦਿੱਤਾ ਸੀ ਪਰ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਨੂੰ ਬਚਾਇਆ ਅਤੇ ਕੌਡੇ ਰਾਕਸ਼ ਨੂੰ ਵੀ ਸੱਚ ਦਾ ਉਪਦੇਸ਼ ਦੇ ਕਰਕੇ ਸਿੱਖ ਧਰਮ ਦਾ ਪ੍ਰਚਾਰਕ ਬਣਾਇਆ। ਇਸ ਤੋਂ ਅੱਗੇ ਚੱਲਦੇ ਹੋਏ ਗੁਰੂ ਨਾਨਕ ਦੇਵ ਜੀ ਸੰਗਲਾਦੀਪ ਪਹੁੰਚੇ। ਉੱਥੋਂ ਦਾ ਰਾਜਾ ਸ਼ਿਵਨਾਬ ਸੀ। ਉਸ ਨੇ ਗੁਰੂ ਨਾਨਕ ਸਾਹਿਬ ਦੀ ਪਰਖ ਲਈ  ਸੁੰਦਰ ਸਰੂਪ ਵਾਲੀਆਂ ਇਸਤਰੀਆਂ ਗੁਰੂ ਨਾਨਕ ਦੇ ਸਵਾਗਤ ਲਈ ਭੇਜੀਆਂ ਪਰ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਇਸਤਰੀਆਂ ਨੂੰ ਗੁਰਬਾਣੀ ਦਾ ਸ਼ਬਦ ਉਚਾਰਨ ਕਰਕੇ 'ਗਾਛਹੁ ਪੁਤ੍ਰੀ ਰਾਜ ਕੁਆਰਿ' ਅਨੁਸਾਰ ਕਿ ਹੇ ਬੱਚੀਓ ਜਾਓ ਉਸ ਪ੍ਰਭੂ ਦੀ ਕੀਰਤੀ ਗਾਓ। ਮੇਰਾ ਮਨ ਤਾਂ ਉਸ ਪ੍ਰਭੂ ਨੇ ਮੋਹਿਆ ਹੋਇਆ ਹੈ। ਇਹ ਵਰਤਾਰਾ ਦੇਖ ਰਾਜਾ ਸ਼ਿਵਨਾਬ ਗੁਰੂ ਨਾਨਕ ਦੇਵ ਜੀ ਦੇ ਚਰਨੀਂ ਢਹਿ ਪਿਆ ਅਤੇ ਸਿੱਖੀ ਦੀ ਜਾਚਨਾ ਕੀਤੀ।

### 1.8.3 ਤੀਸਰੀ ਉਦਾਸੀ

ਦੂਸਰੀ ਉਦਾਸੀ ਤੋਂ ਉਪਰੰਤ ਗੁਰੂ ਸਾਹਿਬ ਜੀ ਥੋੜ੍ਹਾ ਸਮਾਂ ਹੀ ਤਲਵੰਡੀ ਠਹਿਰੇ ਅਤੇ ਫਿਰ ਘਰ ਬਾਰ ਤਿਆਗ ਕੇ ਫਿਰ ਸੰਸਾਰ ਦੀ ਯਾਤਰਾ ਤੇ ਨਿਕਲ ਗਏ। ਇਸ ਵਾਰ ਗੁਰੂ ਸਾਹਿਬ ਨੇ ਆਪਣਾ ਰੁਖ਼ ਉੱਤਰ ਦੀ ਦਿਸ਼ਾ ਵੱਲ ਕੀਤਾ। ਸਤਿਗੁਰੂ ਜੀ ਸੁਮੇਰ ਪਰਬਤ ਤੇ ਪਹੁੰਚੇ ਜਿੱਥੇ ਗੁਰੂ ਨਾਨਕ ਸਾਹਿਬ ਦੀ ਚਰਚਾ ਸਿੱਧਾਂ ਦੇ ਨਾਲ ਹੋਈ। ਸਿੱਧ ਗੁਰੂ ਨਾਨਕ ਸਾਹਿਬ ਜੀ ਨੂੰ ਸਵਾਲ ਕਰਦੇ ਨੇ 'ਕਉਨ ਸਕਤਿ ਤੋਹਿ ਇਥੇ ਲਿਆਈ' ਤਾਂ ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਦੇ ਸ਼ਬਦ ਦੀ ਤਾਕਤ ਨੂੰ ਬਿਆਨ ਕਰਦਿਆਂ ਹੋਇਆਂ ਫੁਰਮਾਇਆ 'ਨਾਨਕੁ ਨਾਮੁ ਜਪੇ ਗਤਿ ਪਾਈ' ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਇਕ ਖੱਪਰ ਦੇ ਕਰਕੇ ਨੇੜੇ ਦੇ ਤਲਾਬ ਤੋਂ ਪਾਣੀ ਲਿਆਉਣ ਲਈ ਕਿਹਾ ਅਤੇ ਉੱਥੇ ਆਪਣੀਆਂ ਅਜ਼ਮਤਾਂ ਨਾਲ ਹੀਰੇ ਮੋਤੀ ਜਵਾਹਰਾਤ ਆਦਿ ਦਿਖਾਏ ਪਰ ਗੁਰੂ ਨਾਨਕ ਸਾਹਿਬ ਇਸ ਚਾਲ ਨੂੰ ਭਲੀ ਭਾਂਤ ਜਾਣਦੇ ਸਨ। ਪਾਣੀ ਉੱਥੇ ਨਹੀਂ ਸੀ ਗੁਰੂ ਨਾਨਕ ਸਾਹਿਬ ਨੇ ਖੱਪਰ ਖਾਲੀ ਉਨ੍ਹਾਂ ਦੇ ਅੱਗੇ ਰੱਖ ਦਿੱਤਾ ਤੇ ਕਿਹਾ

ਕਿ ਉੱਥੇ ਪਾਣੀ ਨਹੀਂ। ਆਪਣੀ ਇਸ ਕਰਨੀ ਕਰਕੇ ਸਿੱਧ ਸ਼ਰਮਿੰਦੇ ਹੋਏ। ਗੁਰੂ ਨਾਨਕ ਸਾਹਿਬ ਅਤੇ ਸਿੱਧਾਂ ਵਿਚ ਹੋਈ ਵਿਚਾਰ ਚਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 938 ਤੋਂ 946 ਅੰਕ 'ਤੇ 'ਸਿੱਧ ਗੋਸਟਿ' ਬਾਣੀ ਸਿਰਲੇਖ ਹੇਠ ਦਰਜ ਹੈ। ਇਸ ਤਰ੍ਹਾਂ ਸਿੱਧਾ ਨਾਲ ਚਰਚਾ ਕਰਨ ਉਪਰੰਤ ਗੁਰੂ ਨਾਨਕ ਸਾਹਿਬ ਜੀ ਸੁਮੇਰ ਪਰਬਤ ਤੋਂ ਹੁੰਦੇ ਹੋਏ ਲੱਦਾਖ ਪਹੁੰਚੇ। ਮੌਜੂਦਾ ਸਮੇਂ ਵੀ ਇਸ ਅਸਥਾਨ ਤੇ ਗੁਰੂ ਨਾਨਕ ਸਾਹਿਬ ਜੀ ਨੂੰ ਨਾਨਕ ਲਾਮਾ ਆਖ ਕੇ ਪੂਜਾ ਕੀਤੀ ਜਾਂਦੀ ਹੈ। ਇਸੇ ਉਦਾਸੀ ਦੌਰਾਨ ਆਪ ਮਟਨ ਸਾਹਿਬ ਤੋਂ ਸਿਆਲਕੋਟ ਪੁੱਜੇ। ਇੱਥੇ ਹਮਜ਼ਾ ਗ਼ੌਸ ਨਾਂ ਦੇ ਪੀਰ ਨੇ ਸ਼ਹਿਰ ਨੂੰ ਅਧਰਮੀਆਂ ਦਾ ਨਗਰ ਆਖ ਕੇ ਗਰਕ ਕਰਨ ਦਾ ਅਹਿਦ ਕੀਤਾ ਹੋਇਆ ਸੀ। ਇੱਥੇ ਹੀ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਨੂੰ ਬਾਜ਼ਾਰੋਂ ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਖ਼ਰੀਦਣ ਵਾਸਤੇ ਭੇਜਿਆ। ਭਾਈ ਮੂਲਾ ਜੀ ਨੇ ਦੋ ਪੈਸੇ ਲੈ ਕੇ ਇਕ ਕਾਗਜ਼ ਤੇ ਜਿਉਣਾ ਝੂਠ ਤੇ ਮਰਨਾ ਸੱਚ ਲਿਖ ਦਿੱਤਾ। ਗੁਰੂ ਸਾਹਿਬ ਜੀ ਨੇ ਦੋਵੇਂ ਕਾਗਜ਼ ਪੀਰ ਹਮਜ਼ਾ ਗ਼ੌਸ ਅੱਗੇ ਧਰੇ। ਹਮਜ਼ਾ ਗ਼ੌਸ ਨੂੰ ਤਸੱਲੀ ਹੋਈ ਕਿ ਸ਼ਹਿਰ ਵਿਚ ਸਾਰੇ ਅਧਰਮੀ ਨਹੀਂ ਧਰਮੀ ਵੀ ਹਨ। ਹਮਜ਼ਾ ਗੌਂਸ ਗੁਰੂ ਸਾਹਿਬ ਜੀ ਦੀ ਗਿਆਨ ਖੜਗ ਦਾ ਕਾਇਲ ਹੋ ਗਿਆ।

### 1.8.4 ਚੌਥੀ ਉਦਾਸੀ

ਕੁਝ ਸਮਾਂ ਆਰਾਮ ਕਰਨ ਤੋਂ ਬਾਅਦ ਆਪ ਜੀ ਨੇ ਮੱਧ ਪੂਰਬੀ ਦੇਸ਼ਾਂ ਦੀ ਯਾਤਰਾ ਦੀ ਤਿਆਰੀ ਕੀਤੀ। ਇਸ ਵਾਰ ਆਪ ਜੀ ਨੇ ਮੁਸਲਮਾਨੀ ਅਸਥਾਨਾਂ ਦੀ ਯਾਤਰਾ ਕਰਨ ਦਾ ਫ਼ੈਸਲਾ ਕੀਤਾ। ਮੱਕੇ ਦੀ ਯਾਤਰਾ ਕਰਨ ਵਾਲੇ ਯਾਤਰੀ ਹਾਜੀ ਕਹਾਉਂਦੇ ਹਨ। ਇਸ ਲਈ ਗੁਰੂ ਨਾਨਕ ਸਾਹਿਬ ਜੀ ਨੇ ਹਾਜੀਆਂ ਵਾਂਗ ਹੱਜ ਗੁਜ਼ਾਰਨ ਵਰਗੀ ਤਿਆਰੀ ਕੀਤੀ। ਤਲਵੰਡੀ ਤੋਂ ਚੱਲ ਕੇ ਆਪ ਜੀ ਪਾਕਪਟਨ ਵਿਖੇ ਪਹੁੰਚੇ। ਪਾਕਪਟਨ ਵਿਖੇ ਸੂਫ਼ੀ ਮੱਤ ਦੇ ਚਿਸ਼ਤੀ ਸਿਲਸਿਲੇ ਦੇ ਸ਼ੇਖ ਇਬਰਾਹਿਮ ਨੂੰ ਮਿਲੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਸਮੁੰਦਰੀ ਰਸਤੇ ਰਾਹੀਂ ਮੱਕੇ ਪਹੁੰਚੇ। ਮੱਕਾ ਇਕ ਬਹੁਤ ਪ੍ਰਸਿੱਧ ਸ਼ਹਿਰ ਹੈ। ਧਾਰਮਿਕ ਜਗਤ ਵਿਚ ਇਸ ਦਾ ਇਕ ਵਿਸ਼ੇਸ਼ ਸਥਾਨ ਹੈ। ਇਸਲਾਮ ਦੇ ਆਗਮਨ ਤੋਂ ਪਹਿਲਾਂ ਵੀ ਮੱਕਾ ਇਕ ਬਹੁਤ ਵੱਡਾ ਵਪਾਰਕ ਕੇਂਦਰ ਸੀ। ਮੱਕੇ ਪਹੁੰਚ ਕੇ ਆਪ ਕਾਬੇ ਵੱਲ ਨੂੰ ਪੈਰ ਕਰਕੇ ਸੌਂ ਗਏ। ਮੁਸਲਮਾਨ ਦੁਨੀਆਂ ਵਿਚ ਕਿਤੇ ਵੀ ਹੋਵੇ ਉਹ ਹਮੇਸ਼ਾ ਨਮਾਜ਼ ਪੜ੍ਹਦੇ ਸਮੇ ਮੱਕੇ ਕਾਅਬੇ ਨੂੰ ਸਿਜਦਾ ਕਰਦਾ ਹੈ। ਕਾਅਬੇ ਵੱਲ ਪੈਰ ਪਸਾਰਨੇ ਤਾਂ ਇਕ ਭਾਰੀ ਕੁਫਰ ਸਮਝਿਆ ਜਾਂਦਾ ਸੀ। ਗੁਰੂ ਸਾਹਿਬ ਨੂੰ ਇੰਜ ਸੁੱਤਿਆਂ ਵੇਖ ਕੇ ਹਾਜੀ ਰੌਲਾ ਪਾਉਣ ਲੱਗੇ। ਜੀਵਨ ਨਾਮੇ ਇਕ ਪੰਜਾਬੀ ਹਾਜੀ ਨੇ ਗੁਰੂ ਸਾਹਿਬ ਨੂੰ  ਠੁੱਡਾ ਮਾਰਿਆ ਅਤੇ ਊਲ-ਜਲੂਲ

ਬੋਲਿਆ। ਗੁਰੂ ਸਾਹਿਬ ਜੀ ਹੱਸ ਪਏ ਤੇ ਪਿਆਰ ਭਰੀ ਆਵਾਜ਼ ਵਿਚ ਕਿਹਾ ਕਿ ਮਿੱਤਰਾ ਮੈਂ ਪਰਦੇਸੀ ਹਾਂ। ਜਿਧਰ ਰੱਬ ਦਾ ਘਰ ਨਹੀਂ ਹੈ ਲੱਤਾਂ ਉੱਧਰ ਨੂੰ ਕਰ ਦਿਓ। ਜੀਵਨ ਕਾਜੀ ਨੇ ਜਿਉਂ ਹੀ ਗੁਰੂ ਸਾਹਿਬ ਜੀ ਦੀਆਂ ਲੱਤਾਂ ਕਾਅਬੇ ਤੋਂ ਪਰ੍ਹੇ ਨੂੰ ਘੁਮਾਈਆਂ ਤਾਂ ਕੀ ਤੱਕਿਆ ਕਾਅਬਾ ਵੀ ਉਸ ਪਾਸੇ ਮੌਜੂਦ ਹੈ, ਜਿਸ ਪਾਸੇ ਗੁਰੂ ਸਾਹਿਬ ਜੀ ਦੇ ਪੈਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਜੀਆਂ ਨੂੰ ਪ੍ਰਮਾਤਮਾ ਦੀ ਸਰਬ ਵਿਆਪਕਤਾ ਨੂੰ ਸਪੱਸ਼ਟ ਕਰਦੇ ਹੋਏ ਉਸ ਦੇ ਸਰੂਪ ਨੂੰ ਸਮਝਣ ਦਾ ਉਪਦੇਸ਼ ਦਿੱਤਾ। ਅਗਲੀ ਸਵੇਰ ਸਾਰੇ ਹਾਜੀ ਗੁਰੂ ਸਾਹਿਬ ਦੇ ਆਸੇ ਪਾਸੇ ਆ ਜੁੜੇ ਅਤੇ ਆਪ ਜੀ ਨਾਲ ਚਰਚਾ ਕਰਨ ਲੱਗੇ। ਜਦੋਂ ਹਾਜੀਆਂ ਨੇ ਪੁੱਛਿਆ ਕਿ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ ਤਾਂ ਆਪ ਨੇ ਉੱਤਰ ਦਿੱਤਾ ਕਿ ਮੈਂ ਅੱਲ੍ਹਾ ਦਾ ਰਚਿਆ ਪੰਜ ਤੱਤਾਂ ਦਾ ਪੁਤਲਾ ਹਾਂ। 'ਨ ਹਮ ਹਿੰਦੂ ਨ ਮੁਸਲਮਾਨ' ਕਾਜ਼ੀ ਹਾਜੀਆਂ ਨੇ ਫਿਰ ਪੁੱਛਿਆ ਹਿੰਦੂ ਰੱਬ ਦੀ ਦਰਗਾਹ ਵਿਚ ਪ੍ਰਵਾਨ ਹੋਵੇਗਾ ਜਾਂ ਮੁਸਲਮਾਨ ਤਾਂ ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਦਰਗਾਹ ਵਿਚ ਤਾਂ ਅਮਲਾਂ ਦਾ ਨਿਬੇੜਾ ਹੋਵੇਗਾ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ

ਬਾਬਾ ਆਖੇ ਹਾਜੀਆ  ਸੁਭਿ ਅਮਲਾ ਬਾਝਹੁ ਦੋਨੋ ਰੋਈ।

ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।

ਹਾਜੀਆਂ ਨੇ ਗੁਰੂ ਸਾਹਿਬ ਤੋਂ ਨਿਸ਼ਾਨੀ ਮੰਗੀ ਤਾਂ ਆਪ ਜੀ ਨੇ ਆਪਣੀਆਂ ਖੜਾਵਾਂ ਨਿਸ਼ਾਨੀ ਵਜੋਂ ਦਿੱਤੀਆਂ। ਗੁਰੂ ਸਾਹਿਬ ਜੀ ਮੱਕੇ ਤੋਂ ਮਦੀਨੇ ਤੇ ਫਿਰ ਮੁਸਲਮਾਨਾਂ ਦੇ ਗੜ੍ਹ ਬਗਦਾਦ ਵਿਖੇ ਪਹੁੰਚੇ। ਬਗਦਾਦ ਵਿਚ ਆਪ ਜੀ ਦੀ ਮੁਲਾਕਾਤ ਫ਼ਕੀਰ ਸ਼ਾਹ ਬਹਿਲੋਲ ਨਾਲ ਹੋਈ। ਉਸ ਥਾਂ ਗੁਰੂ ਸਾਹਿਬ ਦੀ ਯਾਦ ਵਿਚ ਯਾਦਗਾਰੀ ਥੜ੍ਹਾ ਮੌਜੂਦ ਹੈ। ਥੜੇ ਦੇ ਪਿੱਛੇ ਕੰਧ ਵਿਚ ਉਤੇ ਜੋ ਇਬਾਰਤ ਲਿਖੀ ਗਈ ਹੈ ਉਸ ਅਨੁਸਾਰ ਗੁਰੂ ਸਾਹਿਬ ਜੀ ਉਸ ਥਾਂ ਹਿਜਰੀ 929 ਮੁਤਾਬਕ 1520-21 ਈਸਵੀ ਨੂੰ ਪਹੁੰਚੇ। ਬਗਦਾਦ ਤੋਂ ਆਪ ਤਹਿਰਾਨ, ਕੰਧਾਰ ਤੇ ਫਿਰ ਕਾਬਲ ਪਹੁੰਚੇ। ਕਾਬਲ ਉਸ ਸਮੇਂ ਬਾਬਰ ਦੇ ਰਾਜ ਅਧੀਨ ਸੀ। ਗੁਰੂ ਸਾਹਿਬ ਨੇ ਕਾਬਲ ਵਿਖੇ ਸਿੱਖ ਧਰਮਸ਼ਾਲ ਦੀ ਸਥਾਪਨਾ ਕਰ ਪ੍ਰਚਾਰਕ ਨਿਯੁਕਤ ਕੀਤੇ। ਕਾਬਲ ਤੋਂ ਚੱਲ ਕੇ ਆਪ ਜਲਾਲਾਬਾਦ ਤੇ ਖ਼ੈਬਰ ਪਾਸ਼ ਤੋਂ ਹੁੰਦੇ ਹੋਏ ਹਸਨ ਅਬਦਾਲ ਪਹੁੰਚੇ। ਹਸਨ ਅਬਦਾਲ ਵਿਖੇ ਪਹਾੜੀ ਉੱਪਰ ਵਲੀ ਕੰਧਾਰੀ ਦਾ ਡੇਰਾ ਸੀ। ਹਸਨ ਅਬਦਾਲ ਦੇ ਲੋਕ ਗੁਰੂ ਦਰਸ਼ਨ ਕਰ ਤ੍ਰਿਪਤ ਹੋਣ ਲੱਗੇ। ਵਲੀ ਕੰਧਾਰੀ ਨੇ ਗੁੱਸੇ ਵਿਚ ਆ ਪਾਣੀ ਦਾ ਚਸ਼ਮਾ ਬੰਦ ਕਰ ਦਿੱਤਾ। ਜੋ ਹਸਨ ਅਬਦਾਲ ਦੇ ਲੋਕਾਂ ਦਾ ਮੁੱਖ ਪਾਣੀ ਦਾ ਸਰੋਤ ਸੀ, ਲੋਕਾਂ ਦੀ ਮੰਗ ਦਾ ਉਸ ਉਪਰ ਕੋਈ ਅਸਰ ਨਾ ਹੋਇਆ। ਗੁਰੂ ਨਾਨਕ ਸਾਹਿਬ

ਨੇ ਭਾਈ ਮਰਦਾਨੇ ਨੂੰ ਵਲੀ ਕੰਧਾਰੀ ਕੋਲ ਅਰਜ਼ ਕਰਨ ਲਈ ਭੇਜਿਆ ਪਰ ਉਸ ਨੇ ਕੋਈ ਵੀ ਗੱਲ ਮੰਨਣ ਅਤੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ। ਗੁਰੂ ਨਾਨਕ ਸਾਹਿਬ ਨੇ ਦੁਬਾਰਾ ਫਿਰ ਭਾਈ ਮਰਦਾਨੇ ਨੂੰ ਭੇਜਿਆ ਪਰ ਵਲੀ ਕੰਧਾਰੀ ਨਾ ਮੰਨਿਆ। ਅਖੀਰ ਗੁਰੂ ਨਾਨਕ ਸਾਹਿਬ ਨੇ ਸਤਿ ਕਰਤਾਰ ਕਹਿ ਪਹਾੜੀ ਦੇ ਥੱਲਿਓਂ ਪੱਥਰ ਚੁੱਕਿਆ ਤੇ ਚਸ਼ਮਾ ਵਹਿ ਤੁਰਿਆ। ਨਗਰ ਦੀ ਸੰਗਤ ਨੇ ਗੁਰੂ ਸਾਹਿਬ ਜੀ ਦੀ ਜੈ ਜੈ ਕਾਰ ਕੀਤੀ ਅਤੇ ਸਿੱਖੀ ਧਾਰਨ ਕੀਤੀ। ਵਲੀ ਕੰਧਾਰੀ ਏ ਵੇਖ ਹੋਰ ਗੁੱਸੇ ਵਿਚ ਆਇਆ ਤਾਂ ਉਸ ਨੇ ਵੱਡਾ ਸਾਰਾ ਪੱਥਰ ਗੁਰੂ ਜੀ ਨੂੰ ਮਾਰਨ ਵਾਸਤੇ ਪਹਾੜ ਤੋਂ ਥੱਲੇ ਰੋੜ੍ਹਿਆ। ਗੁਰੂ ਸਾਹਿਬ ਦੀ ਅਡੋਲ ਚਿੱਤ ਰਹੇ ਜਦੋਂ ਪੱਥਰ ਆਪ ਜੀ ਪਾਸ ਪੁੱਜਣ ਲੱਗਾ ਤਾਂ ਆਪ ਜੀ ਨੇ ਸਤਿ ਕਰਤਾਰ ਆਖ ਆਪਣੇ ਪੰਜੇ ਨਾਲ ਉਸ ਪੱਥਰ ਨੂੰ ਰੋਕ ਲਿਆ। ਗੁਰੂ ਸਾਹਿਬ ਜੀ ਦਾ ਪੰਜਾ ਉਸ ਪੱਥਰ ਵਿਚ ਲੱਗ ਗਿਆ ਤੇ ਪੱਥਰ ਉਥੇ ਹੀ ਰੁਕ ਗਿਆ। ਵਲੀ ਕੰਧਾਰੀ ਇਹ ਕੌਤਕ ਵੇਖ ਹੈਰਾਨ ਹੋਇਆ ਅੰਤ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਢਹਿ ਪਿਆ। ਇਸ ਅਸਥਾਨ ਤੇ ਹੁਣ ਗੁਰਦੁਆਰਾ ਪੰਜਾ ਸਾਹਿਬ ਮੌਜੂਦ ਹੈ ਜੋ ਅਜੋਕੇ ਸਮੇਂ ਪਾਕਿਸਤਾਨ ਵਿਚ ਹੈ। ਇੱਥੋਂ ਆਪ ਜੀ ਸੈਦਪੁਰ ਪਹੁੰਚੇ। ਉਸੇ ਸਮੇਂ ਹੀ ਬਾਬਰ ਨੇ ਸੈਦਪੁਰ 'ਤੇ ਹਮਲਾ ਕਰ ਦਿੱਤਾ। ਇਹ ਘਟਨਾ 1521-22 ਦੇ ਆਸ ਪਾਸ ਦੀ ਹੈ। ਬਾਬਰ ਨੇ ਜਿਸ ਪ੍ਰਕਾਰ ਸੈਦਪੁਰ ਤੇ ਹਮਲਾ ਕੀਤਾ ਉਹ ਘਟਨਾ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਬਿਆਨ ਕੀਤਾ ਹੈ। ਸੈਦਪੁਰ ਤੋਂ ਚੱਲ ਕੇ ਆਪ ਤਲਵੰਡੀ ਪਹੁੰਚੇ ਅਤੇ ਫਿਰ ਤਲਵੰਡੀ ਤੋਂ ਸੁਲਤਾਨਪੁਰ ਤੋਂ ਹੋ ਕੇ ਆਪ ਜੀ ਰਾਵੀ ਕੰਢੇ ਸਥਿਤ ਕਰਤਾਰਪੁਰ ਦੇ ਸਥਾਨ ਤੇ ਪਹੁੰਚ ਗਏ।

### 1.9 ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ

#### 1.9.1 ਰੱਬ ਇਕ ਹੈ

ਗੁਰੂ ਜੀ ਦਾ ਵਿਸ਼ਵਾਸ ਸੀ ਕਿ ਪ੍ਰਮਾਤਮਾ ਇਕ ਹੈ, ਜਪੁਜੀ ਦੇ ਆਰੰਭ ਵਿਚ ਗੁਰੂ ਨਾਨਕ ਸਾਹਿਬ ਨੇ ਪ੍ਰਮਾਤਮਾ ਬਾਰੇ ਇਹ ਵਿਚਾਰ ਪ੍ਰਗਟ ਕੀਤੇ ਹਨ - ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਿਸ ਦੇ ਅਰਥ ਹਨ ਪਰਮਾਤਮਾ ਇਕ ਹੈ, ਉਸ ਦਾ ਨਾਂ ਸੱਚਾ ਹੈ, ਉਹ ਕਰਤਾ ਹੈ, ਉਹ ਭੈ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਉਹ ਅਮਰ ਹੈ, ਜੂਨ ਵਿਚ ਨਹੀਂ ਆਉਂਦਾ, ਹਰ ਜਗ੍ਹਾ ਮੌਜੂਦ ਹੈ, ਜੂਨਾਂ ਵਿਚ ਨਹੀਂ ਆਉਂਦਾ, ਉਸ ਨੂੰ ਗੁਰੂ ਜੀ ਦੀ ਕਿਰਪਾ ਨਾਲ ਪਾਇਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਦਾਰੱਬ ਹਰ ਜਗ੍ਹਾ ਮੌਜੂਦ, ਰੂਪ ਰਹਿਤ, ਸਰਬ ਕਲਾ ਸਮਰੱਥ ਹੈ। ਭਾਈ ਜੋਧ ਸਿੰਘ ਦੀ ਅਨੁਸਾਰ 'ਜਦੋਂ ਜੀਵ ਖ਼ਤਮ ਹੁੰਦਾ ਹੈ ਤਾਂ ਵੱਖਰੀ ਹੋਂਦ

ਖ਼ਤਮ ਹੋ ਜਾਂਦੀ ਹੈ ਪਰ ਪ੍ਰਮਾਤਮਾ ਫਿਰ ਵੀ ਹੁੰਦਾ ਹੈ'। ਉਸ ਦੀ ਜਾਤ ਅਸਲ ਹੈ, ਉਸ ਦਾ ਅਮਲ ਸੁਤੰਤਰ ਹੈ, ਉਹ ਸਭ ਕੁਝ ਜਾਣਦਾ ਹੈ, ਉਹ ਪਾਕ ਤੇ ਪਵਿੱਤਰ ਹੈ। ਉਹ ਆਪ ਹੀ ਆਪਣਾ ਕਰਦਾ ਹੈ ਤੇ ਜੂਨ ਵਿਚ ਨਹੀਂ ਆਉਂਦਾ ਇਹ ਇਕੱਲਾ ਹੀ ਦਾਤਾ ਹੈ। ਫਿਰ ਵੀ ਉਸ ਦੇ ਅਨੇਕ ਗੁਣ ਹਨ।

### 1.9.2 ਨਾਮ ਦੀ ਮਹੱਤਤਾ

ਗੁਰੂ ਨਾਨਕ ਦੇਵ ਜੀ ਨੇ ਕੁੱਲ ਲੁਕਾਈ ਨੂੰ ਸੱਚੇ ਨਾਮ ਦਾ ਉਪਦੇਸ਼ ਦਿੱਤਾ। ਦੱਬੇ ਕੁਚਲੇ ਤੇ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਇਹ ਵਿਚਾਰ ਬਹੁਤ ਪਸੰਦ ਆਇਆ ਤੇ ਲੋਕ ਇਸ ਨੂੰ ਅਪਨਾਉਣ ਲੱਗੇ। ਉਨ੍ਹਾਂ ਨੇ ਦੱਸਿਆ ਕਿ ਸੱਚਾ ਨਾਮ ਸਭ ਬੁਰਾਈਆਂ ਤੇ ਦੁੱਖਾਂ ਦਾ ਇਲਾਜ ਹੈ। ਗੁਰੂ ਨਾਨਕ ਦੇਵ ਜੀ ਅਕਸਰ ਕਿਹਾ ਕਰਦੇ ਸਨ ਕਿ ਮੇਰੇ ਕੋਲ ਸੱਚਾ ਨਾਮ ਅਤੇ ਆਤਮ ਸਮਰਪਣ ਤੋਂ ਬਿਨਾਂ ਕੋਈ ਚਮਤਕਾਰ ਨਹੀਂ ਹੈ।

### 1.9.3 ਮਾਨਵਤਾ ਦਾ ਪਿਆਰ

ਗੁਰੂ ਨਾਨਕ ਦੇਵ ਜੀ ਨੇ ਜਾਤ ਰੰਗ ਨਸਲ ਧਰਮ ਅਤੇ ਭੂਗੋਲਿਕ ਭਿੰਨਤਾਵਾਂ ਤੋਂ ਉੱਪਰ ਉੱਠ ਕੇ ਸਭ ਨੂੰ ਪਿਆਰ ਕੀਤਾ ਅਤੇ ਵਿਸ਼ਵ ਭਾਈਚਾਰੇ ਦੇ ਸਿਧਾਂਤ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਨੇ ਕਿਹਾ ਹੈ ਪਿਤਾ ਇੱਕੋ ਹੈ ਅਤੇ ਅਸੀਂ ਸਭ ਉਸ ਦੇ ਬੱਚੇ ਹਾਂ। ਉਨ੍ਹਾਂ ਨੇ ਮਨੁੱਖ ਨੂੰ ਬਹੁਤ ਮਹੱਤਤਾ ਦਿੱਤੀ ਹੈ। ਉਨ੍ਹਾਂ ਨੇ ਮਨੁੱਖੀ ਜੀਵਨ ਦੀ ਪਵਿੱਤਰਤਾ ਨੂੰ ਬਹੁਤ ਹੀ ਉੱਚਾ ਦਰਜਾ ਦਿੱਤਾ ਹੈ। ਆਪ ਜੀ ਨੇ ਹਿੰਦੂ ਤੀਰਥ ਅਤੇ ਮੁਸਲਮ ਤੀਰਥਾਂ ਦੀ ਯਾਤਰਾ ਕੀਤੀ ਅਤੇ ਹਰ ਥਾਂ ਪਰਮਾਤਮਾ ਦਾ ਉੱਚਤਮ ਸੰਦੇਸ਼ ਦਿੱਤਾ। ਉਨ੍ਹਾਂ ਰੰਗ ਅਤੇ ਨਸਲ ਦੇ ਭੇਦਭਾਵ ਤੋਂ ਬਿਨਾਂ ਸਭ ਦੀਆਂ ਬੁਰਾਈਆਂ ਨੂੰ ਭੰਡਿਆ।

### 1.9.4 ਸੰਨਿਆਸ ਦਾ ਵਿਰੋਧ

ਗੁਰੂ ਨਾਨਕ ਨੇ ਸੰਨਿਆਸ ਦਾ ਪੂਰਾ ਵਿਰੋਧ ਕੀਤਾ ਉਨ੍ਹਾਂ ਨੇ ਸੰਸਾਰ ਦੇ ਤਿਆਗ ਦਾ ਵਿਰੋਧ ਕੀਤਾ ਤੇ ਆਪਣੇ ਸਿੱਖਾਂ ਨੂੰ ਦੁਨੀਆਂ ਵਿਚ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਧਰਮ ਦੇ ਬਾਹਰੀ ਚਿੰਨ੍ਹਾਂ ਦਾ ਖੰਡਨ ਕੀਤਾ ਜਿਨ੍ਹਾਂ ਨੂੰ ਲੋਕ ਜ਼ਰੂਰੀ ਧਾਰਮਿਕ ਕਾਰਜ ਸਮਝ ਕੇ ਕਰਦੇ ਸਨ। ਧੁਨੀਆਂ ਤਪਾਉਣਾ, ਵਰਤ ਰੱਖਣੇ, ਸਰੀਰ ਨੂੰ ਕਸ਼ਟ ਦੇ ਕੇ ਤਪੱਸਿਆ ਕਰਨੀ ਜਾਂ ਤੀਰਥਾਂ ਤੇ ਘੁੰਮਣਾ ਕੋਈ ਨੇਕ ਕੰਮ ਨਹੀਂ ਸਗੋਂ ਸਿਰਫ਼ ਸਰੀਰਕ ਕਿਰਿਆਵਾਂ ਜਾਂ ਅਭਿਆਸ

ਹਨ। ਇਨ੍ਹਾਂ ਦਾ ਆਤਮਾ ਨਾਲ ਕੋਈ ਸੰਬੰਧ ਨਹੀਂ ਹੈ। ਗੁਰੂ ਨਾਨਕ ਦਾ ਸੰਦੇਸ਼ ਸੀ ਕਿ 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ' ਅਰਥਾਤ ਸੰਸਾਰ ਦੀਆਂ ਅਪਵਿੱਤਰਤਾ ਵਿਚ ਹੀ ਪਵਿੱਤਰ ਜੀਵਨ ਬਤੀਤ ਕਰੋ।

**1.9.5 ਜਾਤ ਪਾਤ ਦਾ ਵਿਰੋਧ**

ਜਾਤਿ ਪ੍ਰਥਾ ਬਹੁਤ ਪੁਰਾਣੇ ਸਮਿਆਂ ਤੋਂ ਹਿੰਦੂ ਸਮਾਜ ਦੀ ਰੀੜ੍ਹ ਦੀ ਹੱਡੀ ਰਹੀ ਹੈ। ਗੁਰੂ ਜੀ ਦੇ ਸਮੇਂ ਭਾਰਤੀ ਸਮਾਜ ਅਣਗਿਣਤ ਜਾਤਾਂ ਤੇ ਉਪ ਜਾਤਾਂ ਵਿਚ ਵੰਡਿਆ ਹੋਇਆ ਸੀ। ਮਨੁੱਖ ਦੀ ਜਾਤ ਉਸ ਦੇ ਕੰਮ ਤੋਂ ਨਹੀਂ ਸਗੋਂ ਜਨਮ ਤੋਂ ਜਾਣੀ ਜਾਂਦੀ ਸੀ। ਸੰਪਰਦਾਇਕ ਵਿਚਾਰ ਕੌਮੀ ਭਾਵਨਾ ਤੋਂ ਉੱਪਰ ਸਨ। ਕੌਮੀ ਏਕਤਾ ਤਾਂ ਇਕ ਸੁਪਨਾ ਮਾਤਰ ਸੀ ਪ੍ਰੰਤੂ ਗੁਰੂ ਨਾਨਕ ਦਾ ਜਾਤ ਰਹਿਤ ਸਮਾਜ ਵਿਚ ਵਿਸ਼ਵਾਸ ਸੀ। ਉਹ ਸਮਾਨਤਾ ਦੇ ਝੰਡਾ ਬਰਦਾਰ ਸਨ ਉਹ ਚਾਹੁੰਦੇ ਸਨ ਕਿ ਮਨੁੱਖ ਦਾ ਮਨੁੱਖ ਦੁਆਰਾ ਸ਼ੋਸ਼ਣ ਖ਼ਤਮ ਹੋਵੇ। ਗੁਰੂ ਨਾਨਕ ਨੇ ਸਿਰਫ਼ ਜਾਤਿ ਅਭਿਮਾਨੀਆਂ ਨੂੰ ਹੀ ਨਹੀਂ ਵੰਡਿਆ ਸਗੋਂ ਸੰਪਰਦਾਇਕ ਭਾਵਨਾ ਨੂੰ ਵੀ ਨਿੰਦਿਆ ਕਿਉਂਕਿ ਇਹ ਪਿਆਰ ਦੇ ਬੁਨਿਆਦੀ ਸੱਚਾਈ ਦੇ ਵਿਰੁੱਧ ਸੀ।

**1.9.6 ਰਾਜਸੀ ਤਾਕਤਾਂ ਨੂੰ ਵੰਗਾਰ**

ਗੁਰੂ ਨਾਨਕ ਦੇਵ ਜੀ ਦੇ ਸਮੇਂ ਸ਼ਾਸਕ ਵਰਗ ਨੇ ਰਾਜਨੀਤਕ ਤੇ ਸਮਾਜਿਕ ਵਾਤਾਵਰਣ ਬਿਲਕੁਲ ਗੰਧਲਾ ਕਰ ਰੱਖਿਆ ਸੀ। ਹਿੰਦੂਆਂ ਤੇ ਜ਼ੁਲਮ ਕੀਤੇ ਜਾਂਦੇ ਸਨ ਤੇ ਵਿਦੇਸ਼ੀ ਰਾਜਿਆਂ ਦੇ ਹੱਥਾਂ ਵਿਚ ਹਿੰਦੂ ਸੱਭਿਅਤਾ ਕੁਚਲੀ ਜਾ ਰਹੀ ਸੀ। ਨਿਰਦੋਸ਼ ਲੋਕ ਜ਼ੁਲਮ ਦਾ ਸ਼ਿਕਾਰ ਹੋ ਰਹੇ ਸਨ ਉੱਪਰਲੇ ਤਬਕੇ ਦੇ ਲੋਕ ਹੇਠਲੇ ਤਬਕੇ ਦੇ ਲੋਕਾਂ ਨੂੰ ਘਿਰਣਾ ਕਰਦੇ ਸਨ ਲੋਧੀਆਂ ਤੇ ਬਾਬਰ ਨੇ ਲੋਕਾਂ 'ਤੇ ਜ਼ੁਲਮ ਕੀਤੇ। ਗੁਰੂ ਨਾਨਕ ਨੇ ਸ਼ਾਸਕਾਂ ਦੇ ਜ਼ੁਲਮਾਂ ਦਾ ਨਿਡਰ ਹੋ ਕੇ ਪਰਦਾਫਾਸ਼ ਕੀਤਾ ਅਤੇ ਸਖ਼ਤ ਸ਼ਬਦਾਂ ਵਿਚ ਇਸ ਦੇ ਵਿਰੁੱਧ ਆਵਾਜ਼ ਉਠਾਈ। ਸਦੀਆਂ ਦੀ ਗੁਲਾਮੀ ਵਿਚ ਗੁਰੂ ਨਾਨਕ ਪਹਿਲੇ ਮਹਾਂਪੁਰਸ਼ ਸਨ ਜਿਨ੍ਹਾਂ ਨੇ ਜ਼ੁਲਮ ਤੇ ਜਬਰ ਦੇ ਵਿਰੁੱਧ ਆਵਾਜ਼ ਉਠਾਈ।

**1.9.7 ਇਸਤਰੀ ਦੀ ਸਤਕਾਰ**

ਗੁਰੂ ਨਾਨਕ ਦੇਵ ਦੇ ਸਮੇਂ ਔਰਤਾਂ ਦਾ ਦਰਜਾ ਬਹੁਤ ਹੀ ਤਰਸਯੋਗ ਸੀ। ਉਸ ਨੂੰ ਚਾਰਦੀਵਾਰੀ ਦੇ ਪਰਦੇ ਦੇ ਅੰਦਰ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ। ਬਾਲ ਵਿਆਹ ਤੇ ਸਤੀ ਹੋਣਾ ਆਮ ਸੀ। ਉਸ ਨੂੰ ਚੰਗੀ ਵਿੱਦਿਆ ਹਾਸਲ ਕਰਨ ਦੀ ਆਗਿਆ ਨਹੀਂ ਸੀ। ਇੱਥੋਂ ਤੱਕ ਕਿ ਇਸਤਰੀ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ ਪਰ ਗੁਰੂ ਨਾਨਕ

ਦੇਵ ਜੀ ਨੇ ਇਸਤਰੀ ਨੂੰ ਬਰਾਬਰ ਦਾ ਦਰਜਾ ਦਿੱਤਾ। ਪਰਦੇ ਦੀ ਨਿਖੇਧੀ ਕੀਤੀ ਤੇ ਉਸ ਨੂੰ ਮਨੁੱਖ ਨਾਲ ਸਭ ਰਸਮਾਂ ਕਰਨ ਦਾ ਅਧਿਕਾਰ ਦਿੱਤਾ। ਸਤਿਸੰਗ ਸਮੇਂ ਔਰਤਾਂ ਸਮੂਹ ਰੀਤਾਂ ਵਿਚ ਸ਼ਾਮਲ ਹੋ ਸਕਦੀਆਂ ਸਨ। ਲੰਗਰ ਵਿਚ ਭੋਜਨ ਪਕਾਉਣ ਅਤੇ ਸੰਗਤ ਨੂੰ ਵਰਤਾਉਣ ਦੀ ਸੇਵਾ ਕਰਦੀਆਂ ਸਨ। ਗੁਰੂ ਨਾਨਕ ਨੇ ਕਿਹਾ ਉਨ੍ਹਾਂ ਇਸਤਰੀਆਂ ਨੂੰ ਮਾੜਾ ਕਿਉਂ ਕਿਹਾ ਜਾਵੇ ਜੋ ਮਨੁੱਖ ਨੂੰ ਜਨਮ ਦਿੰਦੀਆਂ ਹਨ। ਇਸਤਰੀਆਂ ਅਤੇ ਪੁਰਖ ਭਗਵਾਨ ਦੀ ਕ੍ਰਿਪਾ ਅਤੇ ਆਪਣੇ ਅਮਲ ਲਈ ਭਗਵਾਨ ਸਾਹਮਣੇ ਇੱਕੋ ਜਿਹੇ ਜ਼ਿੰਮੇਵਾਰ ਹਨ। ਗੁਰੂ ਨਾਨਕ ਨੇ ਕਿਹਾ ਕਿ ਔਰਤ ਹੀ ਇਕ ਸਮਾਜ ਦੀ ਸਿਰਜਣਾ ਕਰਦੀ ਹੈ। ਔਰਤ ਇਕ ਵੰਸ਼ ਨੂੰ ਚਲਾਉਂਦੀ ਹੈ ਸੋ ਅਸੀਂ ਉਸ ਔਰਤ ਨੂੰ ਕਿਓਂ ਭੰਡੀਏ ਜੋ ਰਾਜਿਆਂ ਮਹਾਰਾਜਿਆਂ ਮਹਾਂਪੁਰਖਾਂ ਨੂੰ ਜਨਮ ਦਿੰਦੀ ਹੈ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਅੰਗ੪੭੩

### 1.9.8 ਪੁਰੋਹਿਤ ਵਰਗ ਦਾਖੰਡਨ

ਗੁਰੂ ਨਾਨਕ ਦੇਵ ਜੀ ਨੇ ਪੰਡਿਤ ਅਤੇ ਮੁੱਲਾਂ ਆਦਿ ਪੁਰੋਹਿਤ ਵਰਗ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਉਹ ਵੇਦ ਸ਼ਾਸਤਰ ਅਤੇ ਪੁਰਾਨ ਤਾਂ ਪੜ੍ਹਦੇ ਸਨ ਪਰ ਉਨ੍ਹਾਂ ਦਾ ਅੰਦਰੂਨੀ ਸਾਫ਼ ਨਹੀਂ ਸੀ। ਉਹ ਲੋਕਾਂ ਨਾਲ ਧੋਖਾ ਕਰਦੇ ਸਨ ਅਤੇ ਉਨ੍ਹਾਂ ਨੂੰ ਫ਼ਜ਼ੂਲ ਦੀਆਂ ਰਸਮਾਂ ਰਿਵਾਜਾਂ ਵਿਚ ਫਸਾ ਕੇ ਲੁੱਟਦੇ ਸਨ। ਇਸ ਕਾਰਨ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਉਨ੍ਹਾਂ ਪਿੱਛੇ ਨਾ ਲੱਗਣ ਦੀ ਸਲਾਹ ਦਿੱਤੀ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਸੀ ਕਿ ਪੁਰੋਹਿਤ ਵਰਗ ਜੋ ਕਿ ਲੋਕਾਂ ਦੀ ਠੀਕ ਅਗਵਾਈ ਕਰਨ ਦੀ ਬਜਾਏ ਆਪ ਕੁਰਾਹੇ ਪਿਆ ਹੋਇਆ ਹੈ, ਨੂੰ ਉਸ ਪਰਮਾਤਮਾ ਦੀ ਦਰਗਾਹ ਵਿਚ ਸਖ਼ਤ ਸਜ਼ਾ ਮਿਲੇਗੀ ਅਤੇ ਉਹ ਆਵਾਗਵਨ ਦੇ ਚੱਕਰ ਵਿਚ ਫਸੇ ਰਹਿਣਗੇ।

### 1.9.9 ਮੂਰਤੀ ਪੂਜਾ ਦਾ ਖੰਡਨ

ਗੁਰੂ ਨਾਨਕ ਦੇਵ ਜੀ ਨੇ ਮੂਰਤੀ ਪੂਜਾ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਗੁਰੂ ਸਾਹਿਬ ਦਾ ਕਹਿਣਾ ਸੀ ਕਿ ਪੱਥਰ ਦੀਆਂ ਮੂਰਤੀਆਂ ਬੇਜਾਨ ਹਨ, ਜੇਕਰ ਉਨ੍ਹਾਂ ਨੂੰ ਪਾਣੀ ਵਿਚ ਸੁੱਟ ਦਿੱਤਾ ਜਾਵੇ ਤਾਂ ਉਹ ਡੁੱਬ ਜਾਣਗੀਆਂ। ਜਿਹੜੀਆਂ ਮੂਰਤੀਆਂ ਆਪਣੀ ਰੱਖਿਆ ਨਹੀਂ ਕਰ ਸਕਦੀਆਂ ਮਨੁੱਖ ਨੂੰ ਕਿਹਾ ਭਵਸਾਗਰ ਤੋਂ ਪਾਰ ਉਤਾਰ ਸਕਦੀਆਂ ਇਸ ਲਈ ਮੂਰਤੀਆਂ ਦੀ ਪੂਜਾ ਕਰਨਾ ਫਜ਼ੂਲ ਹੈ ਸਾਨੂੰ ਸਿਰਫ਼ ਇਕ ਪ੍ਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ ।

### 1.9.10 ਹੁਕਮ

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿਚ ਪਰਮਾਤਮਾ ਦੇ ਹੁਕਮ ਜਾਂ ਬਾਣੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਹੁਕਮ ਕਾਰਨ ਹੀ ਮਨੁੱਖ ਨੂੰ ਸੁਖ ਦੁਖ ਪ੍ਰਾਪਤ ਹੁੰਦੇ ਹਨ ਗੁਰਬਾਣੀ ਵਿਚ ਅਨੇਕ ਸਥਾਨਾਂ ਤੇ ਵਾਹਿਗੁਰੂ ਦੇ ਹੁਕਮ ਨੂੰ ਮਿੱਠਾ ਕਰਕੇ ਮੰਨਣ ਦੀ ਤਾਕੀਦ ਕੀਤੀ ਗਈ ਹੈ। ਮਨੁੱਖ ਨੂੰ ਪਰਮਾਤਮਾ ਦਾ ਹੁਕਮ ਮੰਨਣਾ ਚਾਹੀਦਾ ਹੈ ਜੋ ਮਨੁੱਖ ਅਜਿਹਾ ਕਰਦਾ ਹੈ ਉਸ ਤੇ ਪਰਮਾਤਮਾ ਆਪਣੇ ਮਿਹਰ ਕਰਦਾ ਹੈ ਅਤੇ ਉਸ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਜੋ ਮੈਂ ਪਰਮਾਤਮਾ ਦੇ ਭਾਣੇ ਨੂੰ ਨਹੀਂ ਮੰਨਦਾ ਉਹ ਦਰ ਦਰ ਦੀਆਂ ਠੋਕਰਾਂ ਖਾਂਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮਨ ਕੋਇ ॥

### 1.10 ਮਹੱਤਵ

ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਪਾਪਾਂ ਵਿਚ ਗ੍ਰਸੀ ਪ੍ਰਿਥਮੀ ਨੂੰ ਸੱਚ ਦੀ ਆਸ ਜਾਗੀ। ਗੁਰੂ ਨਾਨਕ ਦੇਵ ਜੀ ਦੁਆਰਾ ਕੁਲ ਦੁਨੀਆਂ ਦੇ ਭਲੇ ਹਿਤ ਚਾਰ ਉਦਾਸੀਆਂ ਕੀਤੀਆਂ ਇਨ੍ਹਾਂ ਉਦਾਸੀਆਂ ਦਾ ਕਾਰਣ ਹੀ ਇਹੋ ਸੀ ਕਿ ਵਹਿਮਾਂ ਭਰਮਾਂ ਵਿਚ ਭਟਕ ਰਹੀ ਲੁਕਾਈ ਨੂੰ ਸੱਚ ਦਾ ਹੋਕਾ ਦੇ ਕੇ ਇਕ ਅਕਾਲ ਪੁਰਖ ਨਾਲ ਜੋੜਣਾ। ਉਨ੍ਹਾਂ ਦੀਆਂ ਸਿਖਿਆਵਾਂ ਨੇ ਉਚ-ਨੀਚ, ਜਾਤਿ-ਪਾਤਿ, ਵਹਿਮ-ਭਰਮ ਦੇ ਨਾਲ-ਨਾਲ ਧਾਰਮਿਕ ਅਡੰਬਰਾਂ ਦਾ ਦਾ ਪਰਦਾਫਾਸ਼ ਵੀ ਕੀਤਾ।

### 1.11 ਸਾਰ

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਇਕ ਮਹਾਨ ਪੈਗੰਬਰੀ ਰੂਹ, ਮਨੁੱਖਤਾ ਦੇ ਭਲੇ ਲਈ ਅਵਤਾਰ ਧਾਰ ਕੇ ਧਰਤੀ ਉੱਤੇ ਆਉਣ ਵਾਲੇ, ਸਮਾਜ ਸੇਵਕ, ਸੁਧਾਰਕ, ਕ੍ਰਾਂਤੀਕਾਰੀ, ਰਹਿਮਤਾਂ ਨਾਲ ਲਬਰੇਜ਼ ਮਹਾਨ ਪੁਰਸ਼ ਸਨ। ਅਜਿਹੀਆਂ ਰੂਹਾਂ ਧਰਤੀ ਉੱਤੇ ਇਕ ਦੋ ਹਜ਼ਾਰ ਸਾਲ ਵਿਚ ਕਦੀ ਕਦਾਈ ਧਰਤੀ ਉੱਤੇ ਮਨੁੱਖਤਾ ਦਾ ਭਲਾ ਕਰਨ ਲਈ ਆਉਂਦੀਆਂ ਹਨ।ਆਪ ਨੇ ਸਮਾਜ ਵਿਚ ਫੈਲੇ ਅੰਧਵਿਸ਼ਵਾਸ, ਜਾਤ-ਪਾਤ, ਕੂੜ, ਵਹਿਮ ਭਰਮ ਆਦਿ ਦਾ ਨਾਸ਼ ਕਰਕੇ ਇਕ ਪਰਮਾਤਮਾ ਦਾ ਸੁਨੇਹਾ ਦਿੱਤਾ ਜੋ ਇਕ ਹੋ ਕੇ ਵੀ ਸਭ ਵਿਚ ਹੈ ਅਤੇ ਸਭ ਦਾ ਹੈ।

## ਪੇਪਰ: ਗ੍ਰੰਥ ਅਤੇ ਧਰਮ ਗ੍ਰੰਥ

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਬਣਤਰ


**1.0 ਜਾਣ-ਪਛਾਣ**

**1.1 ਧਰਮ ਗ੍ਰੰਥ**

**1.2 ਵਿਲੱਖਣਤਾ**

**1.3 ਸੰਪਾਦਨਾ**

**1.4 ਬਾਣੀ ਸੰਪਾਦਨ**

**1.5 ਰਾਗਾਂ ਦੀ ਤਰਤੀਬ**

**1.6 ਕਾਵਿ ਰੂਪਾਂ ਦੀ ਤਰਤੀਬ**

**1.7 ਕੁਲ ਬਾਣੀਕਾਰ**

**1.8 ਬਾਣੀਕਾਰਾਂ ਦੀ ਤਰਤੀਬ**

**1.9 ਗੁਰੂ ਸਾਹਿਬਾਨ**

**1.10 ਹੋਰ ਬਾਣੀਕਾਰ**


## 1.0 ਜਾਣ-ਪਛਾਣ

ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਅਨਮੋਲ ਦੇਣ ਸਿੱਖਾਂ ਲਈ ਪਵਿੱਤਰ ਧਾਰਮਿਕ ਗ੍ਰੰਥ ਦਾ ਸੰਕਲਨ ਸੀ ਜਿਸ ਨੂੰ “ਆਦਿ ਗ੍ਰੰਥ”, ਜਾਂ “ਸ੍ਰੀ ਗੁਰੂ ਗ੍ਰੰਥ ਸਾਹਿਬ" ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦੇ ਕਾਰਜ ਬਾਰੇ ਜਾਣਨ ਤੋਂ ਪਹਿਲਾਂ ਧਰਮ ਗ੍ਰੰਥ ਬਾਰੇ ਜਾਣ ਲੈਣਾ ਜ਼ਰੂਰੀ ਹੈ ਜਿਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

### 1.1 ਧਰਮ ਗ੍ਰੰਥ

ਧਰਮ ਗ੍ਰੰਥ ਤੋਂ ਬਿਨਾ ਧਰਮ ਦੀ ਹੋਂਦ ਹੀ ਸੰਭਵ ਨਹੀਂ ਹੈ। ਧਰਮ - ਗ੍ਰੰਥ ਹੀ ਆਪਣੇ ਪੈਗੰਬਰਾਂ , ਗੁਰੂਆਂ , ਪੀਰਾਂ ਵੱਲੋਂ ਦਿੱਤੇ ਹੋਏ ਸਿਧਾਂਤਾਂ ਨਾਲ ਆਪਣੇ ਪੈਰੋਕਾਰਾਂ ਨੂੰ ਧਰਮ ਨਾਲ ਜੋੜਨ ਲਈ ਰਾਹ ਨਿਰਧਾਰਤ ਕਰਦੇ ਹਨ। ਉਨ੍ਹਾਂ ਧਰਮ - ਗ੍ਰੰਥਾਂ ਦਾ ਓਟ ਆਸਰਾ ਲੈ ਕੇ ਹੀ ਅੱਜ ਦੇ ਪ੍ਰਮੁੱਖ ਧਰਮ , ਹਜ਼ਾਰਾਂ ਸਾਲ ਪੁਰਾਣੇ ਹੋਣ ਦੇ ਬਾਵਜੂਦ ਵੀ ਆਪਣੀ ਸਾਰਥਿਕਤਾ ਨੂੰ ਜਿਉਂ ਦੀ ਤਿਉਂ ਨਵਾਂ - ਨਰੋਆ ਰੱਖ ਰਹੇ ਹਨ। ਉਨ੍ਹਾਂ ਮਹਾਨ ਪੈਗੰਬਰੀ ਆਸ਼ਿਆ ਨੂੰ ਸਮਾਜ ਦੀ ਭਲਾਈ ਹਿਤ ਵਰਤਦਿਆਂ ਹੋਇਆਂ ਹੋਰਨਾਂ ਲੋਕਾਂ ਨੂੰ ਵੀ ਆਪਣੇ ਧਰਮ ਵੱਲ ਨਾ ਕੇਵਲ ਆਕਰਸ਼ਤ ਕਰਦੇ ਹਨ ਸਗੋਂ ਆਪਣੇ ਧਰਮ ਦੇ ਸਿਧਾਂਤਾਂ ਨੂੰ ਅਪਨਾਉਣ ਦੀ ਸਥਿਤੀ ਤਕ ਵੀ ਜਾਂਦੇ ਹਨ। ਇਨ੍ਹਾਂ ਧਰਮ - ਗ੍ਰੰਥਾਂ ਸਦਕਾ ਹੀ ਦੁਨੀਆ ਦੇ ਹਰ ਹਿੱਸੇ ਵਿੱਚ ਹਰ ਧਰਮ ਅਤੇ ਹਰ ਸਭਿਆਚਾਰ ਦੇ ਲੋਕਾਂ ਦੀ ਆਮਦ ਵੇਖਣ ਨੂੰ ਮਿਲਦੀ ਹੈ। ਸੋ ਉਪਰੋਕਤ ਧਾਰਨਾ ਤੋਂ ਸਪਸ਼ਟ ਹੈ ਕਿ ਧਰਮ - ਗ੍ਰੰਥ ਧਰਮ ਦਾ ਕੇਂਦਰੀ ਸਰੋਕਾਰ ਅਤੇ ਧਰਮ ਦੇ ਸਿਧਾਂਤਾਂ ਦੀ ਜਿੰਦ - ਜਾਨ ਹੁੰਦਾ ਹੈ। ਇਹ ਕਹਿਣ ਵਿੱਚ ਵੀ ਕੋਈ ਅਤਿ ਕਥਨੀ ਨਹੀਂ ਹੈ ਕਿ ਧਰਮ ਗ੍ਰੰਥਾਂ ਤੋਂ ਬਿਨਾ ਧਰਮ ਦੀ ਹੋਂਦ ਕਿਆਸ ਨਹੀਂ ਕੀਤੀ ਜਾ ਸਕਦੀ ਅਤੇ ਇਨ੍ਹਾਂ ਤੋਂ ਬਿਨਾ ਧਰਮ ਦੇ ਹਨੇਰੇ ਵਿੱਚ ਲੁਪਤ ਹੋਣ ਦਾ ਡਰ ਵੀ ਹਮੇਸ਼ਾ ਬਣਿਆ ਰਹਿੰਦਾ ਹੈ। ਇਸੇ ਲਈ ਹੀ ਧਰਮ - ਗ੍ਰੰਥਾਂ ਨੂੰ ਧਰਮ ਦੀ ਜਿੰਦ - ਜਾਨ ਪ੍ਰਵਾਨ ਕੀਤਾ ਗਿਆ ਹੈ ਕਿਸੇ ਵਿਦਵਾਨ ਦਾ ਕਥਨ ਹੈ ਕਿ ਧਰਮ - ਗ੍ਰੰਥ ਥੱਕੇ - ਟੁੱਟੇ ਮੁਸਾਫ਼ਰਾਂ ਲਈ ਪਾਣੀ ਦੇ ਚਸ਼ਮੇ ਹੁੰਦੇ ਹਨ। ਧਰਮ - ਗ੍ਰੰਥ ਮਾਰੂਥਲਾਂ ਦੀ ਤਪਸ਼ ਨੂੰ ਸਹਾਰਦੇ ਹੋਏ ਲੋਕਾਂ ਲਈ ਸੰਘਣੀਆਂ ਛਾਵਾਂ ਹੁੰਦੇ ਹਨ। ਸੋ ਸਪਸ਼ਟ ਹੈ ਕਿ ਧਰਮ ਅਤੇ ਗ੍ਰੰਥ ਦਾ ਰਿਸ਼ਤਾ ਰੂਹ ਅਤੇ ਸਰੀਰ ਵਾਲਾ ਹੀ ਹੈ।

### 1.2 ਵਿਲੱਖਣਤਾ

ਪਵਿੱਤਰ ਬਾਈਬਲ , ਪਵਿੱਤਰ ਕੁਰਆਨ , ਪਵਿੱਤਰ ਵੇਦ , ਜੈਨ ਅੰਗ , ਬੁਧ ਤ੍ਰਿਪਿਟਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦੇ ਪ੍ਰਸਿੱਧ ਧਰਮ - ਗ੍ਰੰਥ ਹਨ ਜਿਨ੍ਹਾਂ ਨੇ ਨਾ ਕੇਵਲ ਆਪਣੇ ਧਰਮ ਦੇ ਸਿਧਾਂਤਾਂ ਨੂੰ ਹੀ ਪ੍ਰਗਟਾਇਆ ਸਗੋਂ ਮਹਾਨ ਕੌਮੀਅਤਾਂ ਦੀ ਸਿਰਜਣਾ ਵੀ ਕੀਤੀ ਹੈ। ਉਪਰੋਕਤ ਧਰਮ - ਗ੍ਰੰਥਾਂ ਦੇ ਸਿਰਜਣ ਇਤਿਹਾਸ ਵੱਲ ਜੇਕਰ ਨਿਗਾਹ ਮਾਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਦੇ ਝਲਕਾਰੇ ਸਪਸ਼ਟ ਨਜ਼ਰ ਆਉਂਦੇ ਹਨ ਕਿਉਂਕਿ

1. ਧਰਮਾਂ ਦੇ ਇਤਿਹਾਸ ਵਿੱਚ ਇਹ ਇਕੋ - ਇੱਕ ਅਜਿਹਾ ਧਰਮ-ਗ੍ਰੰਥ ਹੈ ਜਿਸਨੂੰ ਗੁਰੂ ਰੂਪ ਵਿੱਚ ਪ੍ਰਵਾਨ ਕੀਤਾ ਹੋਇਆ ਹੈ।

2. ਇਹ ਇਕੋ - ਇੱਕ ਅਜਿਹਾ ਧਰਮ ਗ੍ਰੰਥ ਹੈ ਜਿਸ ਦੀ ਸੰਪਾਦਨਾ ਖ਼ੁਦ ਧਰਮ ਦੇ ਬਾਨੀਆਂ ਵੱਲੋਂ ਆਪ ਕੀਤੀ ਹੋਈ ਹੈ ਜਿਸ ਕਰਕੇ ਇਹ ਗ੍ਰੰਥ ਸ਼ੰਕਿਆਂ ਅਤੇ ਕਿੰਤੂਆਂ - ਪ੍ਰੰਤੂਆਂ ਤੋਂ ਮੁਕਤ ਪ੍ਰਵਾਨ ਹੋਇਆ ਹੈ।

3. ਇਸ ਗ੍ਰੰਥ ਵਿੱਚ ਕਿਤੇ ਵੀ ਇਸ ਧਰਮ ਦੇ ਬਾਨੀਆਂ ਦੀਆਂ ਕਥਾ - ਕਹਾਣੀਆਂ ਨੂੰ ਚਮਤਕਾਰੀ ਰੂਪ ਵਿੱਚ ਪੇਸ਼ ਨਹੀਂ ਕੀਤਾ ਹੋਇਆ ਹੈ।

੪ .ਇਸ ਵਿਚਲਾ ਚਿੰਤਨ , ਮਾਨਵ - ਮੁਕਤੀ ਦੇ ਦਰਵਾਜ਼ੇ ਖੋਲ੍ਹਦਾ ਹੋਇਆ ਇੱਕ ਅਜਿਹੇ ਮਨੁੱਖ ਦੀ ਤਸਵੀਰ ਸਿਰਜਦਾ ਹੈ ਜੋ ਮਨੁੱਖਤਾ ਦੀ ‘ ਬੰਦ ਖ਼ਲਾਸੀ ’ ਅਤੇ ‘ ਪਤਿ ਸੇਤੀ ' ਜੀਵਨ ਲਈ ਜ਼ਿੰਦਗੀ ਅਤੇ ਮੌਤ ਨੂੰ ਇਕੋ ਜਿਹਾ ਸਮਝਦਾ ਹੈ।

5. ਇਹ ਧਰਮ - ਗ੍ਰੰਥ ਹਿੰਦੁਸਤਾਨ ਦੇ 500 ਸਾਲਾ ( 12ਵੀਂ ਤੋਂ 17 ਵੀਂ ਸਦੀ ) ਦੇ ਇਤਿਹਾਸ ਨੂੰ ਵੀ ਆਪਣੇ ਅੰਦਰ ਸਮੋਈ ਬੈਠਾ ਹੈ।

**1.3 ਸੰਪਾਦਨਾ**

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੁਆਰਾ ਸੰਪੂਰਨ ਹੋਇਆ। 1599 ਈ . ਵਿੱਚ ਇਸ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਆਰੰਭ ਹੋਇਆ। ਸੰਪਾਦਨਾ ਦੇ ਕਾਰਜ ਲਈ ਅੰਮ੍ਰਿਤਸਰ ਦੇ ਬਿਲਕੁਲ ਨਜ਼ਦੀਕ ਰਾਮਸਰ ਦੇ ਰਮਣੀਕ ਸਥਾਨ ਦੀ ਚੋਣ ਕੀਤੀ ਗਈ। ਇਸ ਪਵਿੱਤਰ ਗ੍ਰੰਥ ਨੂੰ ਲਿੱਖਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੋਇਆ ਅਤੇ 1604 ਈ . ਨੂੰ ਇਹ ਮਹਾਨ ਕਾਰਜ ਸੰਪੰਨ ਹੋਇਆ। ਇਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਇਸਦੇ ਪਹਿਲੇ ਗ੍ਰੰਥੀ ਵਜੋਂ ਥਾਪਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਜੋ ਪਹਿਲਾ ਹੁਕਮਨਾਮਾ ਆਇਆ , ਉਹ ਇਹ ਸੀ

ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥

ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥

ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥ ੧ ॥ ( ਗੁ.ਗ੍ਰੰ.ਸਾ. ਪੰਨਾ 783 )

### 1.4 ਬਾਣੀ ਸੰਪਾਦਨ

ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਕੀਤੇ ਆਦਿ ਗ੍ਰੰਥ ਦੇ ਪਵਿੱਤਰ ਸਰੂਪ ਨੂੰ ਸੁਖੈਨ ਤਰੀਕੇ ਨਾਲ ਸਮਝਣ ਲਈ ਇਸਨੂੰ ਤਿੰਨ ਹਿੱਸਿਆਂ ਵਿੱਚ ਵੰਡ ਕੇ ਵੇਖਿਆ ਜਾ ਸਕਦਾ ਹੈ।

1. ਪੰਨਾ ਨੰਬਰ 1 ਤੋਂ 13ਤਕ ਨਿਤਨੇਮ ਦੀਆਂ ਬਾਣੀਆਂ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ' ਜਪੁ ' ਰਾਗ ਰਹਿਤ ਬਾਣੀ ਹੈ ਅਤੇ ' ਸੋ ਦਰੁ ' ਤੇ ' ਸੋਹਿਲਾ ' ਦੇ ਸ਼ਬਦ ਰਾਗਾਂ ਵਿੱਚ ਵੀ ਹਨ ।
2. ਪੰਨਾ ਨੰਬਰ 14 ਤੋਂ 1352 ਤਕ ਸੰਪੂਰਨ ਰਾਗ ਬੱਧ ਬਾਣੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦਾ ਵੱਡਾ ਹਿੱਸਾ ਹੈ । ਗੁਰੂ ਅਰਜਨ ਦੇਵ ਜੀ ਨੇ ਇਸ ਹਿੱਸੇ ਨੂੰ 30 ਰਾਗਾਂ ਵਿੱਚ ਵੰਡਿਆ ਅਤੇ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਪਵਿੱਤਰ ਰਚਨਾ ਅਤੇ ਜੈਜਾਵੰਤੀ ਰਾਗ ਦਰਜ ਕਰਕੇ ਰਾਗਾਂ ਦੀ ਗਿਣਤੀ 31 ਕਰ ਦਿੱਤੀ।
3. ਪੰਨਾ ਨੰਬਰ 1353 ਤੋਂ 1430 ਤਕ ਦੇ ਇਸ ਹਿੱਸੇ ਵਿੱਚ ਸਲੋਕ ਸਹਸਕ੍ਰਿਤੀ ਮਹਲਾ ੧ ਤੇ ੫, ਸਲੋਕ ਭਗਤ ਕਬੀਰ ਅਤੇ ਫਰੀਦ ਜੀ , ਸਵੱਈਏ ਸ੍ਰੀ ਮੁਖਬਾਕ ਮਹਲਾ ੫ , ਭਟਾਂ ਦੀ ਬਾਣੀ , ਸਲੋਕ ਵਾਰਾਂ ਤੇ ਵਧੀਕ , ਸਲੋਕ ਮਹਲਾ ੯ ਅਤੇ ਮੁੰਦਾਵਣੀ ਮਹਲਾ ੫ ਦਰਜ ਹਨ । ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸਮਾਪਤੀ ਇਥੋਂ ਹੁੰਦੀ ਹੈ । ਮੁੰਦਾਵਣੀ ਦੇ ਆਰੰਭਕ ਸਲੋਕ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਅਜਿਹਾ ਪ੍ਰਕਾਰ ਦੇ ਭੋਜਨ ਪਰੋਸੇ

ਗਏ ਹਨ । ਇਹ ਭੋਜਨ ਸੰਤੋਖੀ ਜੀਵਨ ਦੀ ਚੇਤਨਾ ਦਾ ਮੁੱਖ ਆਧਾਰ ਹਨ । ਇਸ ਨਾਲ ਮਨੁੱਖ ਨੇ ਅਧਿਆਤਮਕ ਬੁਲੰਦੀਆਂ ' ਤੇ ਪਹੁੰਚਣਾ ਹੈ। ਇਸ ਤੋਂ ਅਕਾਲ ਪੁਰਖ ਦਾ ਨਿਮਰਤਾ ਪੂਰਵਕ ਸ਼ੁਕਰਾਨਾ ਕੀਤਾ ਹੈ ਜਿਸ ਦੀ ਬਖ਼ਸ਼ਿਸ਼ ਨਾਲ ਇਹ ਕਾਰਜ ਸੰਪੂਰਨ ਹੋਇਆ। ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਰਾਗ ਮਾਲਾ ਦਰਜ ਹੈ।

ਪੂਰਾ ਸਤਿਗੁਰੁ ਜਾਣੀਐ , ਪੂਰੇ ਪੂਰਾ ਠਾਟੁ ਬਣਾਇਆ

ਪੂਰੇ ਪੂਰਾ ਤੋਲੁ ਹੈ ਘਟੈ ਨ ਵਧੈ ਘਟਾਇ ਵਧਾਇਆ। " (ਭਾਈ ਗੁਰਦਾਸ , ਵਾਰ 26 ਪਉੜੀ 61)

### 1.5 ਰਾਗਾਂ ਦੀ ਤਰਤੀਬ

ਰਾਗ ਸੰਗੀਤ ਦੀ ਬੁਨਿਆਦ ਹੈ ਅਤੇ ਸੰਗੀਤ ਦੇ ਮਹੱਤਵ ਤੋਂ ਗੁਰੂ ਸਾਹਿਬ ਭਲੀ - ਭਾਂਤ ਜਾਣੂ ਸਨ । ਸਾਰੀਆਂ ਸੂਖਮ ਕਲਾਵਾਂ ਵਿਚੋਂ ਸੰਗੀਤ ਸਿਖਰ ' ਤੇ ਆਉਂਦਾ ਹੈ ਕਿਉਂਕਿ ਇਹ ਮਨੁੱਖ ਨੂੰ ਵਿਸਮਾਦ ਵਿੱਚ ਲੈ ਜਾਂਦਾ ਹੈ। ਸੰਗੀਤ ਦਾ ਪ੍ਰਭਾਵ ਅਜਿਹਾ ਹੁੰਦਾ ਹੈ ਕਿ ਰਾਹ ਚਲਦੇ ਰਾਹੀਆਂ ਦੇ ਪੈਰ ਆਪ - ਮੁਹਾਰੇ ਰੁੱਕ ਜਾਂਦੇ ਹਨ , ਪੰਛੀ ਖੰਭ ਮਾਰਨਾ ਛੱਡ ਦਿੰਦੇ ਹਨ , ਜਿਵੇਂ ਸਾਨੂੰ ਪਤਾ ਹੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ ਅਤੇ ਮਰਦਾਨੇ ਦੀ ਰਬਾਬ ਹਮੇਸ਼ਾ ਅੰਗ - ਸੰਗ ਰਹੇ। ਇਸ ਤੋਂ ਇਲਾਵਾ ਸੰਗੀਤ ਦਾ ਸਬੰਧ ਮਨੁੱਖ ਦੀ ਮਨੋ - ਦਸ਼ਾ ਨਾਲ ਵੀ ਹੈ। ਜਿਵੇਂ ਮਨੋਦਸ਼ਾ ਬਦਲਦੀ ਹੈ , ਉਸੇ ਤਰ੍ਹਾਂ ਰਾਗਾਂ ਦੇ ਗਾਉਣ ਦਾ ਸਮਾਂ ਵੀ ਬਦਲਦਾ ਹੈ । ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗ ਤਰਤੀਬ ਇਸ ਤਰ੍ਹਾਂ ਹੈ :-

| ਰਾਗ | ਗਾਉਣ ਦਾ ਸਮਾਂ |
|---|---|
| 1. ਸਿਰੀ ਰਾਗੁ | ਪਿਛਲੇ ਪਹਿਰ ਜਾਂ ਲੰਢੇ ਵੇਲੇ |
| 2. ਮਾਝ | ਰਾਤ ਦੇ ਪਹਿਲੇ ਪਹਿਰ |
| 3. ਗਉੜੀ | ਰਾਤ ਦੇ ਪਹਿਲੇ ਪਹਿਰ |
| 4. ਆਸਾ | ਸਵੇਰ ਵੇਲੇ |
| 5. ਗੂਜਰੀ | ਦਿਨ ਦੇ ਦੂਜੇ ਪਹਿਰ |
| 6. ਦੇਵਗੰਧਾਰੀ | ਦਿਨ ਦੇ ਦੂਜੇ ਪਹਿਰ |

| | |
|---|---|
| 7. ਬਿਹਾਗੜਾ | ਅੱਧੀ ਰਾਤ ਵੇਲੇ |
| 8. ਵਡਹੰਸੁ | ਦੁਪਹਿਰ ਵੇਲੇ ਜਾਂ ਰਾਤ ਦੇ ਦੂਜੇ ਪੇਪਰ |
| 9. ਸੋਰਠਿ | ਰਾਤ ਦੇ ਦੂਜੇ ਪਹਿਰ |
| 10. ਧਨਾਸਰੀ | ਦਿਨ ਦੇ ਤੀਜੇ ਪਹਿਰ |
| 11. ਜੈਤਸਰੀ | ਚੌਥੇ ਪਹਿਰ |
| 12. ਟੋਡੀ | ਦਿਨ ਦੇ ਦੂਜੇ ਪਹਿਰ |
| 13. ਬੈਰਾੜੀ | ਦੂਜੇ ਪਹਿਰ ਤੇ ਸ਼ਾਮ ਵੇਲੇ |
| 14. ਤਿਲੰਗ | ਦਿਨ ਦੇ ਤੀਜੇ ਪਹਿਰ |
| 15. ਸੂਹੀ | ਦੋ ਘੜੀ ਦਿਨ ਚੜ੍ਹੇ |
| 16. ਬਿਲਾਵਲ | ਸਵੇਰ ਦੇ ਪਹਿਲੇ ਪਹਿਰ |
| 17. ਗੋਂਡ | ਦਿਨ ਦੇ ਦੂਜੇ ਪਹਿਰ |
| 18. ਰਾਮਕਲੀ | ਸੂਰਜ ਨਿਕਲਣ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤਕ |
| 19. ਨਟ ਨਾਰਾਇਨ | ਰਾਤ ਦੇ ਦੂਜੇ ਪਹਿਰ |
| 20.ਮਾਲੀ ਗਉੜਾ | ਦਿਨ ਦੇ ਤੀਜੇ ਪਹਿਰ |
| 21. ਮਾਰੂ | ਦਿਨ ਦੇ ਤੀਜੇ ਪਹਿਰ |
| 22.ਤੁਖਾਰੀ | ਸ਼ਾਮ ਵੇਲੇ |
| 23.ਕੇਦਾਰਾ | ਰਾਤ ਦੇ ਪਹਿਲੇ ਪਹਿਰ |
| 24.ਭੈਰਉ | ਪ੍ਰਭਾਤ ਵੇਲੇ |
| 25.ਬਸੰਤੁ | ਦਿਨ ਦੇ ਪਹਿਲੇ ਪਹਿਰ ਅਤੇ ਬਸੰਤ ਰੁੱਤ ' ਚ |
| 26.ਸਾਰੰਗ | ਕਿਸੇ ਵੀ ਸਮੇਂ |
| 27.ਮਲਾਰ | ਰਾਤ ਦੇ ਤੀਜੇ ਪਹਿਰ |
| 28.ਕਾਨੜਾ | ਰਾਤ ਦੇ ਦੂਜੇ ਪਹਿਰ |

| | |
|---|---|
| 29.ਕਲਿਆਨ | ਰਾਤ ਦੇ ਪਹਿਲੇ ਪਹਿਰ |
| 30.ਪ੍ਰਭਾਤੀ | ਸਵੇਰ ਦੇ ਪਹਿਲੇ ਪਹਿਰ |
| 31. ਜੈਜਾਵੰਤੀ | ਰਾਤ ਦੇ ਦੂਜੇ ਪਹਿਰ |

## 1.6 ਕਾਵਿ ਰੂਪਾਂ ਦੀ ਤਰਤੀਬ

ਅਰਜਨ ਦੇਵ ਜੀ ਨੇ ਬਾਣੀਕਾਰਾਂ ਅਤੇ ਰਾਗਾਂ ਦੀ ਤਰਤੀਬ ਤੋਂ ਪਿਛੋਂ ਕਾਵਿ ਰੂਪਾਂ ਦੀ ਵਰਤੋਂ ਬਹੁਤ ਸੁਚੱਜੇ ਢੰਗ ਨਾਲ ਕੀਤੀ ਹੋਈ ਹੈ। ਕਿਸੇ ਵੀ ਰਾਗ ਵਿੱਚ ਗਾਈ ਜਾਂਦੀ ਬਾਣੀ ਦਾ ਆਰੰਭ ਹੁੰਦਾ ਹੈ ਤਾਂ ਉਸ ਤੋਂ ਪਹਿਲਾਂ ਮੂਲ ਮੰਤਰ ਦਿੱਤਾ ਗਿਆ ਹੈ , ਜਿਸ ਨੂੰ ਮੰਗਲਾਚਰਨ ਕਿਹਾ ਗਿਆ ਹੈ। ਮੂਲਮੰਤਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪਹਿਲੀ ਬਾਣੀ ਜਪੁ ਜੀ ਸਾਹਿਬ ਦੇ ਆਰੰਭ ਵਿੱਚ ਹੈ। ਇਹ ਮੰਗਲਾਚਰਨ ਕਿਸੇ ਥਾਂ ਪੂਰਾ ਅਤੇ ਕਿਸੇ ਥਾਂ ਛੋਟੇ ਸਰੂਪ ਵਿੱਚ ਵੀ ਆਇਆ ਹੈ ਇਸ ਕੁਲ ਰੂਪ ਇਸ ਤਰ੍ਹਾਂ ਹਨ –

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ' ,

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ' , ' ੴ ਸਤਿ ਨਾਮੁ ਗੁਰ ਪ੍ਰਸਾਦਿ ' ,

ਅਤੇ ੴ ਸਤਿਗੁਰ ਪ੍ਰਸਾਦਿ।

ਇਸ ਤੋਂ ਅੱਗੇ ਸੰਪੂਰਨ ਬਾਣੀ ਨੂੰ ਸ਼ਬਦ , ਅਸ਼ਟਪਦੀਆਂ , ਸੋਲਹੇ , ਛੰਤ , ਵਾਰ ਤੇ ਸਲੋਕਾਂ ਦੀ ਇੱਕ ਵਿਲੱਖਣ ਤਰਤੀਬ ਦਿੱਤੀ ਹੈ। ਗੁਰੂ ਅਰਜਨ ਪਾਤਸ਼ਾਹ ਨੇ ਹਰੇਕ ਵਾਰ ਦੀ ਪਉੜੀ ਦੇ ਨਾਲ ਸਬੰਧਿਤ ਸਲੋਕਾਂ ਨੂੰ ਥਾਂ ਦਿੱਤੀ ਹੈ। ਉਪ੍ਰੰਤ ਜੋ ਵੀ ਸਲੋਕ ਵੱਧ ਗਏ ਸਨ , ਉਨ੍ਹਾਂ ਸਾਰਿਆਂ ਨੂੰ ਇੱਕ ਥਾਂ ਇਕੱਤਰ ਕਰਕੇ , ਉਸਦਾ ਸਿਰਲੇਖ ' ਸਲੋਕ ਵਾਰਾਂ ਤੇ ਵਧੀਕ ' ਰਖਿਆ। ਇਸ ਤੋਂ ਇਲਾਵਾ ਦੁਪਦੇ , ਤਿਪਦੇ , ਚਉਪਦੇ , ਪੰਚਪਦੇ ਆਦਿ। ਫਿਰ ਛੰਤ ਅਤੇ ਉਸ ਤੋਂ ਬਾਅਦ ਲੰਮੇਰੀ ਬਾਣੀਆਂ ਜਿਵੇਂ ਬਾਰਹ ਮਾਹ ( ਤੁਖਾਰੀ ਤੇ ਮਾਝ ) , ਬਾਵਨ ਅਖਰੀ , ਸਿਧ ਗੋਸਟਿ , ਸੁਖਮਨੀ , ਦਖਣੀ ਓਅੰਕਾਰ , ਥਿਤੀ , ਪਟੀ ਆਦਿ। ਅਖੀਰ ਵਿੱਚ ਰਾਗ ਮੁਕਤ ਬਾਣੀਆਂ ਨੂੰ ਦਰਜ ਕੀਤਾ। ਗੁਰੂ ਸਾਹਿਬਾਨ ਨੇ ਬਾਣੀ ' ਚ ' ਰਹਾਉ ' ਪਦ ਦੀ ਵਰਤੋਂ ਕੀਤੀ ਹੈ ਜਿਸ ਦਾ ਭਾਵ ਹੈ ਰੁੱਕਣਾ ਅਤੇ ਇਸ ਵਿੱਚ ਸ਼ਬਦ ਜਾਂ ਬਾਣੀ ਦਾ ਕੇਂਦਰੀ ਭਾਵ ਸਪਸ਼ਟ ਹੁੰਦਾ ਹੈ। ਇਸ ਤੋਂ ਇਲਾਵਾ ਹਰ ਬਾਣੀ ਦੀ ਗਿਣਤੀ ਹਿੰਦਸਿਆ ਨਾਲ ਕੀਤੀ ਹੈ। ਇਸ ਗਣਿਤ ਵਿਧੀ ਨਾਲ ਗੁਰੂ ਬਾਣੀ ਨੂੰ ਹਮੇਸ਼ਾ - ਹਮੇਸ਼ਾ ਲਈ ਸ਼ੁੱਧ ਰਖਣ ' ਤੇ ਮੋਹਰ ਲਾ ਦਿੱਤੀ ਗਈ ਕਿਉਂਕਿ ਇਸ ਨਾਲ ਕੋਈ

ਸ਼ਬਦ ਘਟਾਇਆ ਜਾਂ ਵਧਾਇਆ ਨਹੀਂ ਜਾ ਸਕਦਾ। ਆਦਿ ਗ੍ਰੰਥ ਦੇ ਸੰਪਾਦਕ ਗੁਰੂ ਅਰਜਨ ਪਾਤਸ਼ਾਹ ਦੀ ਸੰਪਾਦਨ ਵਿਧੀ ਦੇ ਇਨ੍ਹਾਂ ਅਨੋਖੇ ਝਲਕਾਰਿਆਂ ਵਿਚੋਂ ਇਹ ਗੱਲ ਰੂਪਮਾਨ ਹੁੰਦੀ ਹੈ ਕਿ ਗੁਰੂ ' ਸਾਹਿਬ ਆਦਿ ਗ੍ਰੰਥ ਦੀ ਸ਼ੁੱਧਤਾ ਅਤੇ ਪ੍ਰਮਾਣਿਕਤਾ ਲਈ ਕਿੰਨੇ ਚੇਤੰਨ ਸਨ।

**1.7 ਕੁਲ ਬਾਣੀਕਾਰ**

ਸ੍ਰੀ ਗੁਰੂ ਅਰਜਨ ਪਾਤਸ਼ਾਹ ਇੱਕ ਅਜਿਹੇ ਧਰਮ ਗ੍ਰੰਥ ਨੂੰ ਸੰਪਾਦਤ ਕਰਨਾ ਚਾਹੁੰਦੇ ਸਨ ਜਿਹੜਾ ਰਾਸ਼ਟਰੀ ਅਤੇ ਅੰਤਰ - ਰਾਸ਼ਟਰੀ ਸਰਹੱਦਾਂ ਨੂੰ ਤੋੜਦਾ ਹੋਇਆ ਸੰਸਾਰੀ ਪੱਧਰ ' ਤੇ ਸਥਾਪਤ ਹੋਵੇ। ਇਸੇ ਕਰਕੇ ਜਿੱਥੇ ਗੁਰੂ ਸਾਹਿਬਾਨ ਦੀ ਬਾਣੀ ਅੰਕਿਤ ਕੀਤੀ ਗਈ , ਉਥੇ ਨਾਲ ਹਿੰਦੂ ਭਗਤਾਂ ਅਤੇ ਮੁਸਲਮਾਨ ਪੀਰਾਂ - ਫ਼ਕੀਰਾਂ ਦੀ ਬਾਣੀ ਨੂੰ ਵੀ ਯੋਗ ਥਾਂ ਦੇ ਕੇ ਸਨਮਾਨਿਆ ਗਿਆ। ਇਸ ਧਰਮ ਗ੍ਰੰਥ ਵਿੱਚ ਅਨੇਕਾਂ ਭਾਸ਼ਾਵਾਂ ਦੇ ਸ਼ਬਦ ਮੌਜੂਦ ਹਨ ਪਰ ਇਨ੍ਹਾਂ ਦਾ ਪ੍ਰਗਟਾਅ ਗੁਰਮੁਖੀ ਲਿਪੀ ਵਿੱਚ ਕੀਤਾ ਗਿਆ ਹੈ। ਇਸ ਧਰਮ ਗ੍ਰੰਥ ਵਿੱਚ

6 ਗੁਰੂਸਾਹਿਬਾਨ,15 ਭਗਤ ਸਾਹਿਬਾਨ, 11 ਭਟ ਅਤੇ 4 ਗੁਰਸਿੱਖ , ਕੁਲ 36 ਬਾਣੀਕਾਰ ਹਨ। ਇਸ ਤਰ੍ਹਾਂ ਇਹ ਸੰਸਾਰ ਦਾ ਪਹਿਲਾ ਅਜਿਹਾ ਧਰਮ - ਗ੍ਰੰਥ ਹੈ ਜਿਸ ਵਿੱਚ ਨਾ ਕੇਵਲ ਵੱਖ ਵੱਖ ਧਰਮਾਂ ਸਗੋਂ ਵੱਖ - ਵੱਖ ਸਭਿਆਚਾਰਾਂ , ਬੋਲੀਆਂ ਅਤੇ ਜਾਤਾਂ ਦੇ ਮਨੁੱਖਾਂ ਨੂੰ ਥਾਂ ਦੇ ਕੇ ਮਾਨਵ ਸਨਮਾਨ ਨੂੰ ਸਿਖਰ ' ਤੇ ਪਹੁੰਚਾਇਆ ਗਿਆ ਹੈ ਇਸ ਧਰਮ - ਗ੍ਰੰਥ ਵਿੱਚ ਬਾਣੀ ਅੰਕਿਤ ਕਰਨ ਦੀ ਇਕੋ - ਇੱਕ ਕਸਵੱਟੀ , ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਸਨ , ਨਾ ਕਿ ਜਾਤੀ ਉੱਤਮਤਾ। ਇਸੇ ਕਰਕੇ ਹੀ ਜਿੱਥੇ ਭਗਤ ਰਵਿਦਾਸ ਜੀ ਚਮਾਰ ਜਾਤੀ ਨਾਲ ਸਬੰਧਤ ਹਨ , ਉਥੇ ਭਗਤ ਰਾਮਾਨੰਦ ਜੀ ਬ੍ਰਾਹਮਣ ਹਨ। ਪਰ ਗੁਰੂ ਘਰ ਜਨਮ ਉੱਤਮਤਾ ਨੂੰ ਨਕਾਰਦਾ ਹੈ ਅਤੇ ਬੌਧਿਕ ਉੱਤਮਤਾ ਨੂੰ ਪ੍ਰਵਾਨ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਸੰਪੂਰਨ ਬਾਣੀ ਉਚਾਰ ਕੇ ਇਸੇ ਧਰਮ ਗ੍ਰੰਥ ਦਾ ਲਿਖਤੀ ਰੂਪ ਭਾਈ ਮਨੀ ਸਿੰਘ ਜੀ ਪਾਸੋਂ ਕਰਵਾਇਆ ਅਤੇ 1708 ਈਸਵੀ ਵਿੱਚ ਜੋਤੀ ਜੋਤਿ ਸਮਾਉਣ ਵੇਲੇ ਆਪ ਜੀ ਨੇ ਨਾਂਦੇੜ ਵਿਖੇ ਇਸ ਨੂੰ ਖ਼ਾਲਸੇ ਦਾ ਗੁਰੂ ਹੋਣ ਮਾਣ ਬਖ਼ਸ਼ਿਆ।

**1.8 ਬਾਣੀਕਾਰਾਂ ਦੀ ਤਰਤੀਬ**

ਬਾਣੀਕਾਰਾਂ ਨੂੰ ਹਰੇਕ ਰਾਗ ਸ਼ੁਰੂ ਹੋਣ ' ਤੇ ਇੱਕ ਕ੍ਰਮ ਵਿੱਚ ਰੱਖਿਆ ਹੈ :

1. ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਕ੍ਰਮ ਅਨੁਸਾਰ

2. ਫਿਰ ਭਗਤਾਂ ਦੀ ਬਾਣੀ

੩. ਭਟਾਂ ਦੀ ਬਾਣੀ

੪. ਹੋਰ ਬਾਣੀਕਾਰਾਂ ਦੀ ਰਚਨਾ

**1.9 ਗੁਰੂ ਸਾਹਿਬਾਨ**

ਗੁਰੂ ਸਾਹਿਬਾਨ ਦੀ ਸਮੁੱਚੀ ਬਾਣੀ ' ਨਾਨਕ ' ਛਾਪ ਹੇਠ ਦਰਜ ਹੈ। ਪਰ ਇਹ ਦੱਸਣ ਲਈ ਕਿ ਇਹ ਬਾਣੀ ਕਿਸ ਗੁਰੂ ਸਾਹਿਬਾਨ ਦੀ ਹੈ , ' ਮਹਲਾ ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਉਦਾਹਰਣ ਵਜੋਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਅੱਗੇ ਮਹਲਾ ੧ , ਪੰਜਵੇਂ ਗੁਰੂ ਸਾਹਿਬ ਦੀ ਬਾਣੀ ਅੱਗੇ ਮਹਲਾ ੫ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਨੌਵੇਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ( ਗੁਰੂ ਨਾਨਕ ਸਾਹਿਬ ਦੀ ਦਸਵੀਂ ਜੋਤ , ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਦੀ ਬਾਣੀ ਬਾਅਦ ਵਿੱਚ ਦਰਜ ਕੀਤੀ )।

**1.10 ਹੋਰ ਬਾਣੀਕਾਰ**

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ , ਭਗਤਾਂ ਅਤੇ ਭਟਾਂ ਤੋਂ ਇਲਾਵਾ ਚਾਰ ਹੋਰ ਮਹਾਪੁਰਖਾਂ ਦੀ ਬਾਣੀ ਅੰਕਿਤ ਹੈ। ਇਹ ਉਹ ਮਹਾਨ ਹਸਤੀਆਂ ਹਨ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖੀ ਦੇ ਵੱਧਦੇ ਪਾਸਾਰ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਵੇਖਿਆ। ਇਨ੍ਹਾਂ ਵਿਚੋਂ ਤਿੰਨ - ਭਾਈ ਮਰਦਾਨਾ ਜੀ , ਭਾਈ ਸਤਾ ਜੀ ਅਤੇ ਭਾਈ ਬਲਵੰਡ ਜੀ ਗੁਰੂ - ਘਰ ਦੇ ਢਾਡੀ ( ਰਬਾਬੀ ) ਸਨ ਜਿਹੜੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਗੁਰੂ ਸ਼ਬਦ ਦਾ ਗਾਇਨ ਕਰਦੇ ਸਨ। ਚੌਥੇ ਮਹਾਂਪੁਰਖ ਬਾਬਾ ਸੁੰਦਰ ਜੀ , ਗੁਰੂ - ਘਰ ਨਾਲ ਸਬੰਧਤ ਸਨ। ਆਪ ਬਾਬਾ ਮੋਹਰੀ ਜੀ ( ਗੁਰੂ ਅਮਰਦਾਸ ਜੀ ਦੇ ਸਾਹਿਬਜ਼ਾਦੇ ) ਦੇ ਪੋਤਰੇ , ਭਾਈ ਅਨੰਦ ਜੀ ਦੇ ਪੁੱਤਰ ਸਨ ਅਤੇ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਪੜਪੋਤਰੇ ਸਨ।

**ਸਾਰ**

ਅੰਤ ਵਿਚ ਅਸੀਂ ਕਹਿ ਸਕਦੇ ਹਾਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਮੇਲ ਦਾ ਮਹਾਨ ਪਵਿੱਤਰ ਗ੍ਰੰਥ ਹੈ। ਸੰਸਾਰ ਦੇ ਹੋਰ ਧਰਮ ਗ੍ਰੰਥਾਂ ਨਾਲੋਂ ਇਹ ਬਹੁਤ ਵਿੱਲਖਣ ਹੈ। ਵੱਖ-ਵੱਖ ਭਗਤਾਂ, ਗੁਰੂਆਂ, ਗੁਰਸਿੱਖਾਂ ਜਿਨ੍ਹਾਂ ਦੀ ਭਾਸ਼ਾ, ਧਰਮ ਜਾਤ ਵੱਖੋ-ਵੱਖਰੇ ਹਨ। ਸਾਰੇ ਹੀ ਇਕ ਪਰਮਾਤਮਾ ਨਾਮੀ ਤੰਦ ਨਾਲ ਜੁੜੇ ਹੋਏ ਹਨ।